10-SEP-PAGE-1.qxd 9/9/2023 9:10 PM Page 1

ਐਤਵਾਰ, 10 ਸਤੰਬਰ, 2023
25 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 100

ਨਵਾਂ ਜ਼ਮਾਨਾ

DAILY NAWAN ZAMANA • SUNDAY, 10 SEPTEMBER, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 8+6=14

ਨਵੀਂ ਦਿੱਲੀ ਜੀ-20 ਸਾਂਝੇ ਐਲਾਨਨਾਮੇ 'ਤੇ ਸਹਿਮਤ

ਅਫਰੀਕਨ ਦੇਸ਼ਾਂ ਦਾ ਸੰਗਠਨ ਵੀ ਬਣਿਆ ਜੀ-20 ਦਾ ਮੈਂਬਰ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਕਿਹਾ ਕਿ ਇਹ ਚੰਗੀ ਖ਼ਬਰ ਹੈ, ਸਾਰਿਆਂ ਦੇ ਸਹਿਯੋਗ ਨਾਲ ਨਵੀਂ ਦਿੱਲੀ ਜੀ-20 ਸਾਂਝੇ ਐਲਾਨਨਾਮੇ 'ਤੇ ਸਹਿਮਤੀ ਬਣ ਗਈ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, 'ਇਹ ਮੇਰਾ ਪ੍ਰਸਤਾਵ ਹੈ ਕਿ ਇਸ ਜੀ-20 ਐਲਾਨਨਾਮੇ ਨੂੰ ਅਪਣਾਇਆ ਜਾਵੇ।' ਮੈਂਬਰਾਂ ਦੀ ਮਨਜ਼ੂਰੀ ਤੋਂ ਬਾਅਦ ਮੋਦੀ ਨੇ ਐਲਾਨ ਕੀਤਾ ਕਿ ਇਸ ਨੂੰ ਸਵੀਕਾਰ ਕਰ ਲਿਆ ਗਿਆ ਹੈ। ਉਨ੍ਹਾ ਇਸ ਮੌਕੇ ਕਿਹਾ—ਮੈਂ ਸਾਂਝੇ ਐਲਾਨ ਨੂੰ ਸੰਭਵ ਬਣਾਉਣ ਲਈ ਸਖਤ ਮਿਹਨਤ ਕਰਨ ਲਈ ਜੀ-20 ਸ਼ੇਰਪਾ, ਮੰਤਰੀਆਂ ਅਤੇ ਸਾਰੇ ਅਧਿਕਾਰੀਆਂ ਦਾ ਧੰਨਵਾਦ ਕਰਦਾ ਹਾਂ। 9 ਸਤੰਬਰ ਸ਼ਨੀਵਾਰ ਜਦ ਜੀ-20 ਸਿਖਰ ਸੰਮੇਲਨ ਦੀ ਸ਼ੁਰੂਆਤ ਹੋਈ ਤਾਂ ਸਵੇਰੇ ਸਾਢੇ ਦਸ ਤੋਂ ਦੁਪਹਿਰ ਡੇਢ ਵਜੇ ਤੱਕ ਪਹਿਲਾ ਸੈਸ਼ਨ 'ਵਨ ਅਰਥ' 'ਤੇ ਆਯੋਜਿਤ ਕੀਤਾ ਗਿਆ। ਇਸ ਤੋਂ ਬਾਅਦ 'ਵਨ ਫੈਮਲੀ' 'ਤੇ ਦੂਸਰਾ ਸੈਸ਼ਨ ਦੁਪਹਿਰ 3 ਵਜੇ ਸ਼ੁਰੂ ਹੋਇਆ, ਜੋ 5 ਵਜੇ ਤੱਕ ਚੱਲਿਆ। ਇਸ ਐਲਾਨਨਾਮੇ 'ਚ ਮਜ਼ਬੂਤ ਟਿਕਾਊ, ਸੰਤੁਲਿਤ ਅਤੇ ਭਵਿੱਖੀ ਵਿਕਾਸ, ਐੱਸ ਡੀ ਜੀ 'ਤੇ ਪ੍ਰਗਤੀ 'ਚ ਤੇਜ਼ੀ ਲਿਆਉਣਾ, ਇੱਕ ਧਰਤੀ, ਇੱਕ ਪਰਵਾਰ, ਇੱਕ ਭਵਿੱਖ 'ਤੇ ਜ਼ੋਰ ਦਿੱਤਾ ਜਾਵੇਗਾ, ਸਾਰੇ ਦੇਸ਼ਾਂ ਨੂੰ ਯੂ ਐੱਨ ਚਾਰਟਰ ਦੇ ਨਿਯਮਾਂ ਮੁਤਾਬਕ ਕੰਮ ਕਰਨਾ ਚਾਹੀਦਾ ਹੈ, ਗ੍ਰੀਨ ਲਾਅ ਕਾਰਬਨ ਐਨਰਜੀ ਟੈਕਨਾਲੋਜੀ 'ਤੇ ਕੰਮ ਕੀਤਾ ਜਾਵੇਗਾ, 21ਵੀਂ ਸਦੀ ਲਈ ਬਹੁਪੱਖੀ ਸੰਸਥਾਵਾਂ, ਤਕਨੀਕੀ ਪਰਿਵਰਤਨ ਅਤੇ ਡਿਜੀਟਲ ਜਨਤਕ ਬੁਨਿਆਦੀ ਢਾਂਚਾ, ਇੰਟਰਨੈਸ਼ਨਲ ਟੈਕਸੇਸ਼ਨ, ਲਿੰਗ ਸਮਾਨਤਾ ਅਤੇ ਸਾਰੀਆਂ ਔਰਤਾਂ, ਲੜਕੀਆਂ ਨੂੰ ਸਸ਼ਕਤੀਕਰਨ ਬਣਾਉਣਾ, ਵਿੱਤੀ ਖੇਤਰ ਦੇ ਮੁੱਦੇ, ਅੱਤਵਾਦ, ਮਨੀ ਲਾਂਡਰਿੰਗ ਦਾ ਮੁਕਾਬਲਾ ਕਰਨਾ, ਦੁਨੀਆ 'ਚ ਤੇਜ਼ੀ ਨਾਲ ਵਿਕਾਸ ਕਰਨ ਵਾਲੇ ਸ਼ਹਿਰਾਂ ਨੂੰ ਫੰਡ ਦਿੱਤਾ ਜਾਵੇਗਾ, ਸਾਰੇ ਦੇਸ਼ਾਂ ਨੇ ਅੱਤਵਾਦ ਦੇ ਹਰ ਰੂਪ ਦੀ ਆਲੋਚਨਾ ਕੀਤੀ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੁਆਗਤੀ ਭਾਸ਼ਨ ਦੇ ਨਾਲ ਹੀ ਇਥੇ ਜੀ-20 ਸਿਖਰ ਸੰਮੇਲਨ ਸ਼ੁਰੂ ਹੋ ਗਿਆ। ਮੋਦੀ ਨੇ ਸਵੇਰੇ ਜੀ-20 ਸੰਮੇਲਨ ਦੇ ਸਥਾਨ 'ਭਾਰਤ ਮੰਡਪਮ' 'ਚ ਵਿਸ਼ਵ ਨੇਤਾਵਾਂ ਦਾ ਸਵਾਗਤ ਕੀਤਾ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਤੋਨੀਓ ਗੁਟਾਰੇਜ, ਅੰਤਰਰਾਸ਼ਟਰੀ ਮੁਦਰਾ ਫੰਡ (ਆਈ ਐੱਮ ਐੱਫ) ਦੀ ਮੈਨੇਜਿੰਗ ਡਾਇਰੈਕਟਰ ਅਤੇ ਚੇਅਰਪਰਸਨ ਕ੍ਰਿਸਟਾਲੀਨਾ ਜਾਰਜੀਵਾ ਅਤੇ ਵਿਸ਼ਵ ਵਪਾਰ ਸੰਗਠਨ (ਡਬਲਿਊ ਟੀ ਓ) ਦੇ ਡਾਇਰੈਕਟਰ ਜਨਰਲ ਨਗੋਜੀ ਓਕੋਨਜੋ ਇਵੇਲਾ ਸਥਾਨ 'ਤੇ ਪਹੁੰਚਣ ਵਾਲੇ ਸਭ ਤੋਂ ਪਹਿਲੇ ਸਨ। ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵੀ ਪ੍ਰਗਤੀ ਮੈਦਾਨ ਵਿੱਚ ਨਵੇਂ ਬਣੇ ਸੰਮੇਲਨ ਸਥਾਨ 'ਤੇ ● ਬਾਕੀ ਸਫ਼ਾ 2 'ਤੇ

ਨੇਮ ਪਲੇਟ 'ਤੇ ਲਿਖਿਆ 'ਭਾਰਤ'

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਿੱਲੀ ਦੇ ਪ੍ਰਗਤੀ ਮੈਦਾਨ 'ਚ ਭਾਰਤ ਮੰਡਪ 'ਚ ਚੱਲ ਰਹੇ ਜੀ-20 ਸੰਮੇਲਨ 'ਚ ਉਦਘਾਟਨੀ ਭਾਸ਼ਣ ਦਿੱਤਾ।

ਇਸ ਦੌਰਾਨ ਉਹਨਾ ਦੇ ਸਾਹਮਣੇ ਰੱਖੀ ਨੇਮ ਪਲੇਟ 'ਤੇ ਭਾਰਤ ਲਿਖਿਆ ਹੋਇਆ ਸੀ। ਇਨ੍ਹੀਂ ਦਿਨੀਂ ਦੇਸ਼ 'ਚ 'ਇੰਡੀਆ' ਬਨਾਮ 'ਭਾਰਤ' ਨੂੰ ਲੈ ਕੇ ਜ਼ੋਰਦਾਰ ਬਹਿਸ ਚੱਲ ਰਹੀ ਹੈ ਅਤੇ ਅਟਕਲਾਂ ਲਗਾਈਆਂ ਜਾ ਰਹੀਆਂ ਹਨ ਕਿ ਇੰਡੀਆ ਦਾ ਨਾਂਅ ਬਦਲ ਕੇ ਭਾਰਤ ਹੋ ਸਕਦਾ ਹੈ। ਅਜਿਹੇ 'ਚ ਇੱਕ ਵਾਰ ਫਿਰ ਚਰਚਾ ਛਿੜ ਗਈ ਹੈ ਕਿ ਕੀ ਦੇਸ਼ ਦਾ ਨਾਂਅ ਬਦਲਣ ਦੀਆਂ ਅਫਵਾਹਾਂ ਸੱਚ ਹਨ ਜਾਂ ਨਹੀਂ। ਹਾਲਾਂਕਿ ਅਜੇ ਤੱਕ ਇਸ ਬਾਰੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ।

ਕਿਉਂ ਅਹਿਮ ਹੈ ਅਫਰੀਕੀ ਯੂਨੀਅਨ

ਅਫਰੀਕੀ ਯੂਨੀਅਨ, ਜੋ ਕਿ ਅਫਰੀਕੀ ਮਹਾਂਦੀਪ ਦੇ 55 ਦੇਸ਼ਾਂ ਦਾ ਸਮੂਹ ਹੈ, ਦੁਨੀਆ ਦੀ ਕੁੱਲ ਜੈਵ ਵਿਭਿੰਨਤਾ ਦੇ ਇੱਕ ਵੱਡੇ ਹਿੱਸੇ ਦੀ ਅਗਵਾਈ ਕਰਦਾ ਹੈ। 21ਵੀਂ ਸਦੀ 'ਚ ਜਲਵਾਯੂ ਪਰਿਵਰਤਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ 'ਚ ਦੁਨੀਆ ਨੂੰ ਜਿਨ੍ਹਾਂ ਚੀਜ਼ਾਂ ਦੀ ਜ਼ਰੂਰਤ ਪਵੇਗੀ, ਉਸ ਦੀ ਪੂਰਤੀ ਦੇ ਹਰ ਸਾਧਨ ਏ ਯੂ ਦੇ ਕੋਲ ਮੌਜੂਦ ਹਨ। ਅਫਰੀਕੀ ਮਹਾਂਦੀਪ 'ਚ ਵਿਸ਼ਵ ਦੀ 60 ਫੀਸਦੀ ਨਵਿਆਉਣਯੋਗ ਊਰਜਾ ਬਣਾਉਣ 'ਚ ਲੱਗਣ ਵਾਲਾ ਕੱਚਾ ਮਾਲ ਮੌਜੂਦ ਹੈ। ਉਸ ਕੋਲ 30 ਫੀਸਦੀ ਤੋਂ ਵੱਧ ਖਣਿਜ ਹਨ, ਜੋ ਨਵਿਆਉਣਯੋਗ ਅਤੇ ਨਿਮਨ ਕਾਰਬਨ ਉਦਯੋਗਿਕ ਲਈ ਮਹੱਤਵਪੂਰਨ ਹਨ। ਪਿਛਲੇ ਮਹੀਨੇ ਜਾਰੀ ਅਫਰੀਕਾ ਦੇ ਆਰਥਕ ਵਿਕਾਸ 'ਤੇ ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਇਕੱਲੇ ਕਾਂਗੋ 'ਚ ਦੁਨੀਆ ਦਾ ਲੱਗਭੱਗ ਅੱਧਾ ਕੋਬਾਲਟ ਹੈ, ਜੋ ਲਿਥੀਅਮ ਬੈਟਰੀ ਲਈ ਬਹੁਤ ਜ਼ਰੂਰੀ ਮੈਟਲ ਹੈ। ਇਸ 'ਚ ਅਫਰੀਕੀ ਯੂਨੀਅਨ ਦਾ ਮੁੱਖ ਧਾਰਾ ਨਾਲ ਜੁੜਨਾ ਅਤੇ ਖੁਦ ਅਫਰੀਕਾ ਲਈ ਕਾਫ਼ੀ ਅਹਿਮ ਹੋਵੇਗਾ।

ਹੁਣ ਜੀ-20 ਨਹੀਂ, ਜੀ-21 ਹੋ ਜਾਵੇਗਾ

ਪ੍ਰਧਾਨ ਮੰਤਰੀ ਨੇ ਜਿਸ ਵਿਅਕਤੀ ਨੂੰ ਗਲੇ ਲਾਇਆ, ਉਹ ਵਿਅਕਤੀ ਕੋਈ ਹੋਰ ਨਹੀਂ, ਬਲਕਿ 55 ਅਫਰੀਕੀ ਦੇਸ਼ਾਂ ਦੇ ਸੰਘ ਦੀ ਪ੍ਰਤੀਨਿਧਤਾ ਕਰਨ ਵਾਲੇ ਅਫਰੀਕੀ ਯੂਨੀਅਨ ਦੇ ਮੁਖੀ ਅਜਾਲੀ ਅਸੋਮਾਨੀ ਸਨ। ਹੁਣ ਅਫਰੀਕੀ ਦੇਸ਼ਾਂ ਦੇ ਜੀ-20 'ਚ ਸ਼ਾਮਲ ਹੋਣ ਨਾਲ ਜੀ-20 ਨਹੀਂ, ਬਲਕਿ ਜੀ-21 ਹੋ ਜਾਵੇਗਾ।

ਅਮਰੀਕੀ ਪੱਤਰਕਾਰਾਂ ਨੂੰ ਮੋਦੀ ਤੋਂ ਨਹੀਂ ਪੁੱਛਣ ਦਿੱਤੇ ਸਵਾਲ, ਕਾਂਗਰਸ ਦਾ ਦੋਸ਼

ਨਵੀਂ ਦਿੱਲੀ : ਜੀ-20 ਸਿਖਰ ਸੰਮੇਲਨ 'ਚ ਸ਼ਾਮਲ ਹੋਣ ਭਾਰਤ ਪਹੁੰਚੇ ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਨੇ ਸ਼ੁੱਕਰਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਦੋਵਾਂ ਨੇਤਾਵਾਂ ਵਿਚਾਲੇ ਕਰੀਬ ਇੱਕ ਘੰਟੇ ਚੱਲੀ ਇਸ ਦੁਵੱਲੀ ਮੀਟਿੰਗ 'ਚ ਕਈ ਮੁੱਦਿਆਂ 'ਤੇ ਸਹਿਮਤੀ ਬਣੀ। ਇਸ ਮੁਲਾਕਾਤ ਨੂੰ ਲੈ ਕੇ ਕਾਂਗਰਸ ਨੇ ਸਰਕਾਰ 'ਤੇ ਵੱਡਾ ਦੋਸ਼ ਲਾਇਆ ਹੈ। ਕਾਂਗਰਸ ਨੇ ਦੋਸ਼ ਲਾਉਂਦੇ ਹੋਏ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਬਾਇਡਨ ਦੀ ਟੀਮ ਨੇ ਕਿਹਾ ਕਿ ਸਰਕਾਰ ਨੇ ਦੁਵੱਲੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਉਨ੍ਹਾ ਤੋਂ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਸਵਾਲ ਪੁੱਛਣ ਦੀ ਇਜਾਜ਼ਤ ਨਹੀਂ ਦਿੱਤੀ। ਕਾਂਗਰਸ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਟਵਿਟਰ 'ਤੇ ਲਿਖਿਆ, 'ਰਾਸ਼ਟਰਪਤੀ ਬਾਇਡਨ ਦੀ ਟੀਮ ਦਾ ਕਹਿਣਾ ਹੈ ਕਿ ਕਈ ਬੇਨਤੀਆਂ ਦੇ ਬਾਵਜੂਦ ਭਾਰਤ ਨੇ ਉਨ੍ਹਾਂ ਦੀ ਦੁਵੱਲੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਉਨ੍ਹਾ ਅਤੇ ਪ੍ਰਧਾਨ ਮੰਤਰੀ ਮੋਦੀ ਤੋਂ ਸਵਾਲ ਪੁੱਛਣ ਦੀ ਇਜਾਜ਼ਤ ਨਹੀਂ ਦਿੱਤੀ।' ਉਨ੍ਹਾ ਕਿਹਾ ਕਿ ਬਾਇਡਨ ਹੁਣ 11 ਸਤੰਬਰ ਨੂੰ ਵੀਅਤਨਾਮ 'ਚ ਆਪਣੇ ਨਾਲ ਮੌਜੂਦ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦੇਣਗੇ। ਇਹ ਬਿਲਕੁੱਲ ਵੀ ਹੈਰਾਨ ਕਰਨ ਵਾਲੀ ਗੱਲ ਨਹੀਂ। ਇਸ ਤਰ੍ਹਾਂ ਨਾਲ ਮੋਦੀ ਸ਼ੈਲੀ 'ਚ ਲੋਕਤੰਤਰ ਬਣਾਇਆ ਜਾਂਦਾ ਹੈ। ਇੱਕ ਹੋਰ ਪੋਸਟ 'ਚ ਜੈਰਾਮ ਰਮੇਸ਼ ਨੇ ਲਿਖਿਆ, 'ਨਵੀਂ ਦਿੱਲੀ 'ਚ ਪਹਿਲਾ ਅੰਤਰਰਾਸ਼ਟਰੀ ਸੰਮੇਲਨ ਸਾਡੀ ਆਜ਼ਾਦੀ ਤੋਂ ਪਹਿਲਾਂ 23 ਮਾਰਚ ਅਤੇ 2 ਅਪ੍ਰੈਲ 1947 ਵਿਚਾਲੇ ਆਯੋਜਿਤ ਕੀਤਾ ਗਿਆ ਸੀ।'

ਪੰਜਾਬ ਪੁਲਸ 'ਚ 1700 ਕਾਂਸਟੇਬਲਾਂ ਦੀ ਭਰਤੀ ਕੀਤੀ ਜਾਵੇਗੀ : ਭਗਵੰਤ ਮਾਨ

■ ਮੁੱਖ ਮੰਤਰੀ ਵੱਲੋਂ ਨਿਯੁਕਤੀ ਪੱਤਰ ਸੌਂਪਣ ਨਾਲ 560 ਸਬ-ਇੰਸਪੈਕਟਰਾਂ ਦੀ ਦੋ ਸਾਲ ਲੰਮੀ ਉਡੀਕ ਹੋਈ ਖਤਮ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)

ਇੱਕ ਹੋਰ ਮੀਲ ਪੱਥਰ ਸਥਾਪਤ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਤਕਰੀਬਨ ਡੇਢ ਸਾਲ ਦੇ ਅਰਸੇ ਅੰਦਰ ਨੌਜਵਾਨਾਂ ਨੂੰ 35848 ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਪੰਜਾਬ ਪੁਲਸ 'ਚ ਨਵੇਂ ਭਰਤੀ ਹੋਏ 560 ਸਬ-ਇੰਸਪੈਕਟਰਾਂ ਨੂੰ ਨਿਯੁਕਤੀ ਪੱਤਰ ਸੌਂਪਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਬੇਰੁਖੀ ਕਾਰਨ ਇਨ੍ਹਾਂ ਪੁਲਸ ਮੁਲਾਜ਼ਮਾਂ ਨੂੰ ਦੋ ਸਾਲਾਂ ਬਾਅਦ ਇਹ ਨਿਯੁਕਤੀ ਪੱਤਰ ਮਿਲੇ ਹਨ। ਉਨ੍ਹਾ ਨਵੇਂ ਭਰਤੀ ਹੋਏ ਸਬ-ਇੰਸਪੈਕਟਰਾਂ ਨੂੰ ਕਿਹਾ ਕਿ ਉਹ ਆਪਣੇ ਅਹੁਦੇ ਦੀ ਵਰਤੋਂ ਲੋਕਾਂ ਦੀ ਭਲਾਈ ਅਤੇ ਸੇਵਾ ਲਈ ਕਰਨ, ਨਾ ਕਿ ਉਨ੍ਹਾਂ ਨੂੰ ਪ੍ਰੇਸ਼ਾਨ ਕਰਨ ਲਈ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਲੋਕਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ, ਜਿਸ ਲਈ ਠੋਸ ਯਤਨ ਕੀਤੇ ਜਾ ਰਹੇ ਹਨ। ਭਗਵੰਤ ਮਾਨ ਨੇ ਸੂਬੇ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਆਪਣੀ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਨਵ-ਨਿਯੁਕਤ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਵਧਾਈ ਦਿੰਦਿਆਂ ਮੁੱਖ ਮੰਤਰੀ ਨੇ ਆਸ ਪ੍ਰਗਟਾਈ ਕਿ ਉਹ ਆਪਣੀ ਡਿਊਟੀ ਇਮਾਨਦਾਰੀ, ਤਨਦੇਹੀ ਅਤੇ ਸਮਰਪਿਤ ਭਾਵਨਾ ਨਾਲ ਨਿਭਾਉਣਗੇ। ਉਨ੍ਹਾ ਕਿਹਾ ਕਿ ਮੌਜੂਦਾ ਸਰਕਾਰ ਇਸ ਪਾਸੇ ਵਿਸ਼ੇਸ਼ ਧਿਆਨ ਦੇ ਰਹੀ ਹੈ ਅਤੇ ਇਹ ਭਰਤੀਆਂ ਬਿਲਕੁੱਲ ਪਾਰਦਰਸ਼ੀ ਢੰਗ ਨਾਲ ਕੀਤੀਆਂ ਜਾ ਰਹੀਆਂ ਹਨ, ਜਦ ਕਿ ਪਿਛਲੀਆਂ ਸਰਕਾਰਾਂ ਨੇ ਨੌਜਵਾਨਾਂ ਨੂੰ ਰਿਸ਼ਵਤ ਅਤੇ ਸਿਫਾਰਸ਼ਾਂ ਤੋਂ ਬਿਨਾਂ ਕਦੇ ਕੋਈ ਨੌਕਰੀਆਂ ਨਹੀਂ ਦਿੱਤੀਆਂ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਵਿਦਿਆਰਥੀਆਂ ਦੀ ਚੋਣ ਉਨ੍ਹਾਂ ਦੀ ਯੋਗਤਾ ਅਤੇ ਕੁਸ਼ਲਤਾ ਅਨੁਸਾਰ ਪੂਰੀ ਤਰ੍ਹਾਂ ਮੈਰਿਟ ਦੇ ਆਧਾਰ 'ਤੇ ਕੀਤੀ ਜਾਵੇ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਬੜੇ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਸੂਬਾ ਸਰਕਾਰ ਨੇ ਹੁਣ ਤੱਕ ਵੱਖ-ਵੱਖ ਵਿਭਾਗਾਂ 'ਚ 35,000 ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਇਹ ਇੱਕ ਰਿਕਾਰਡ ਹੈ, ਕਿਉਂਕਿ ਪਿਛਲੀਆਂ ਸਰਕਾਰਾਂ 'ਚੋਂ ਕਿਸੇ ਵੀ ਸਰਕਾਰ ਨੇ ਖਾਸ ਕਰਕੇ ਆਪਣੇ ਕਾਰਜਕਾਲ ਦੇ ਪਹਿਲੇ ਸਾਲ ਅੰਦਰ ਨੌਜਵਾਨਾਂ ਨੂੰ ਏਨੀਆਂ ਨੌਕਰੀਆਂ ਨਹੀਂ ਦਿੱਤੀਆਂ। ਮੁੱਖ ਮੰਤਰੀ ਨੇ ਕਿਹਾ ਕਿ ਇਸ ਦਾ ਇੱਕੋ-ਇੱਕ ਉਦੇਸ਼ ਸੂਬੇ ਦੇ ਯੋਗ ਅਤੇ ਕੁਸ਼ਲ ਨੌਜਵਾਨਾਂ ਲਈ ਨੌਕਰੀਆਂ ਦੇ ਮੌਕੇ ਪ੍ਰਦਾਨ ਕਰਕੇ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ● ਬਾਕੀ ਸਫ਼ਾ 2 'ਤੇ

ਤੱਥ ਤੋੜ-ਮਰੋੜ ਕੇ ਪੇਸ਼ ਕਰਨ ਦੀ ਆਦਤ ਦਾ ਸ਼ਿਕਾਰ ਨੇ ਵਿਰੋਧੀ ਧਿਰਾਂ

ਜਲੰਧਰ : ਵਿਰੋਧੀ ਧਿਰਾਂ ਵੱਲੋਂ ਤੱਥ ਤੋੜ-ਮਰੋੜ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਸਖਤ ਆਲੋਚਨਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਿਰੋਧੀ ਨੇਤਾ ਬੁਰੀ ਤਰ੍ਹਾਂ ਬੁਖਲਾਏ ਹੋਏ ਹਨ ਕਿਉਂਕਿ ਇਹ ਨੇਤਾ ਨੌਜਵਾਨਾਂ ਨੂੰ ਨੌਕਰੀਆਂ ਮਿਲਣ ਦੀ ਖੁਸ਼ੀ 'ਚ ਉਨ੍ਹਾਂ ਦੇ ਖਿੜਦੇ ਚਿਹਰੇ ਬਰਦਾਸ਼ਤ ਨਹੀਂ ਕਰ ਸਕਦੇ। ਮੁੱਖ ਮੰਤਰੀ ਨੇ ਇਸ ਭਰਤੀ ਦੇ ਮਸਲੇ 'ਤੇ ਹੋ-ਹੱਲਾ ਮਚਾਉਣ ਵਾਲੇ ਨੇਤਾਵਾਂ ਨੂੰ ਆੜੇ ਹੱਥੀਂ ਲਿਆ। ਭਗਵੰਤ ਮਾਨ ਨੇ ਕਿਹਾ, 'ਮੈਂ ਹਮੇਸ਼ਾ ਪੰਜਾਬ ਨੂੰ ਦੇਸ਼ ਦਾ ਅੱਵਲ ਸੂਬਾ ਬਣਾਉਣ ਦੇ ਸੁਪਨੇ ਸੰਜੋਏ ਹਨ। ਮੈਨੂੰ ਪੰਜਾਬ ਤੇ ਪੰਜਾਬੀਆਂ ਪ੍ਰਤੀ ਮੁਹੱਬਤ ਦਾ ਪ੍ਰਗਟਾਵਾ ਕਰਨ ਲਈ ਕਿਸੇ ਪਾਸੋਂ ਸਰਟੀਫਿਕੇਟ ਲੈਣ ਦੀ ਲੋੜ ਨਹੀਂ।'

ਮੁੱਖ ਮੰਤਰੀ ਨੇ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਅਤੇ ਕਾਂਗਰਸੀ ਆਗੂ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਇਕ ਮਹੀਨੇ ਦੇ ਅੰਦਰ ਪੰਜਾਬੀ ਭਾਸ਼ਾ ਦੀ ਲਿਖਤੀ ਪ੍ਰੀਖਿਆ 45 ਫੀਸਦੀ ਅੰਕਾਂ ਨਾਲ ਪਾਸ ਕਰਨ ਦੀ ਚੁਣੌਤੀ ਦਿੱਤੀ। ਮਾਨ ਨੇ ਕਿਹਾ ਕਿ ਇਹ ਨੇਤਾ ਸਨਾਵਰ ਤੇ ਦੂਨ ਵਰਗੇ ਸਕੂਲ ਤੋਂ ਪੜ੍ਹੇ ਹੋਏ ਹਨ, ਜਿਸ ਕਰਕੇ ਇਹ ਪੰਜਾਬੀ ਭਾਸ਼ਾ ਦੀ ਪ੍ਰੀਖਿਆ ਪਾਸ ਹੀ ਨਹੀਂ ਕਰ ਸਕਦੇ। ਉਹਨਾ ਕਿਹਾ ਕਿ ਉਹ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਨਾਲ ਰਹਿੰਦੇ ਰਹੇ ਹਨ ਅਤੇ ਉਹ ਮਰਹੂਮ ਬਾਦਲ ਲਈ ਪੰਜਾਬੀ ਅਖਬਾਰ ਪੜ੍ਹਦੇ ਹੁੰਦੇ ਸਨ, ਕਿਉਂਕਿ ਉਨ੍ਹਾ ਨੂੰ ਚੰਗੀ ਤਰ੍ਹਾਂ ਪੜ੍ਹਨੀ ਨਹੀਂ ਆਉਂਦੀ ਸੀ। ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਦ

10-SEP-PAGE-1.qxd 9/9/2023 9:10 PM Page 2

ਪੈਰਾਡਾਈਜ਼ ਵਿਖੇ ਅਧਿਆਪਕ ਦਿਵਸ ਤੇ ਜਨਮ ਅਸ਼ਟਮੀ ਮਨਾਈ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਦਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਘੱਗਾ ਵਿਖੇ ਅਧਿਆਪਕ ਦਿਵਸ ਤੇ ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਕੀਤੀ ਗਈ। ਉਪਰੰਤ ਨਰਸਰੀ, ਕੇ ਜੀ ਤੇ ਹੋਰ ਜਮਾਤ ਦੇ ਵਿਦਿਆਰਥੀਆਂ ਨੇ ਅਧਿਆਪਕ ਦਿਵਸ ਨਾਲ ਸੰਬੰਧਤ ਕਵਿਤਾਵਾਂ ਤੇ ਡਾਂਸ ਪੇਸ਼ ਕੀਤਾ। ਇਸ ਤੋਂ ਬਾਅਦ ਸੀਨੀਅਰ ਵਿਦਿਆਰਥੀਆਂ ਨੇ ਸਾਰੇ ਅਧਿਆਪਕਾਂ ਨੂੰ ਸਟੇਜ 'ਤੇ ਬੁਲਾ ਕੇ ਸਨਮਾਨਤ ਕੀਤਾ। ਜਨਮ ਅਸ਼ਟਮੀ ਦੇ ਸੰਬੰਧ ਵਿੱਚ ਭਜਨ ਗਾਇਨ ਕੀਤਾ। ਸ਼੍ਰੀ ਕ੍ਰਿਸ਼ਨ ਦੇ ਜਨਮ ਨਾਲ ਸੰਬੰਧਤ ਕਵਿਤਾਵਾਂ ਤੇ ਡਾਂਸ ਰਾਹੀਂ ਉਨ੍ਹਾਂ ਦੇ ਜੀਵਨ ਸੰਬੰਧੀ ਦ੍ਰਿਸ਼ ਪੇਸ਼ ਕੀਤੇ ਗਏ। ਇਸ ਤੋਂ ਇਲਾਵਾ ਬੱਚਿਆਂ ਨੇ ਬੀਮ ਡਾਂਸ ਪੇਸ਼ ਕੀਤਾ। ਆਰਤੀ ਕਰਦੇ ਹੋਏ ਭਗਵਾਨ ਕ੍ਰਿਸ਼ਨ ਜੀ ਨੂੰ ਝੂਲਾ ਝੁਲਾਇਆ ਤੇ ਭੋਗ ਲਵਾਇਆ ਗਿਆ। ਸਕੂਲ ਚੇਅਰਮੈਨ ਡਾ. ਅਮ੍ਰਿਤਪਾਲ ਸਿੰਘ ਕਾਲੇਕਾ ਤੇ ਸਕੂਲ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਆਪਣੇ ਭਾਸ਼ਣ ਰਾਹੀਂ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਦੇ ਜੀਵਨ ਵਿੱਚ ਅਧਿਆਪਕਾਂ ਦੇ ਯੋਗਦਾਨ ਬਾਰੇ ਚਾਨਣਾ ਪਾਇਆ। ਜਨਮ ਅਸ਼ਟਮੀ ਦੇ ਮੌਕੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਸਚਾਈ ਦੇ ਰਸਤੇ ਚੱਲਣ ਲਈ ਪ੍ਰੇਰਿਤ ਕੀਤਾ।

ਡੀ ਏ ਵੀ ਪਬਲਿਕ ਸਕੂਲ 'ਚ ਜਨਮ ਅਸ਼ਟਮੀ ਮਨਾਈ

ਰਾਜਪੁਰਾ (ਰਮੇਸ਼ ਕਟਾਰੀਆ)-ਡੀ.ਏ.ਵੀ. ਪਬਲਿਕ ਸਕੂਲ ਰਾਜਪੁਰਾ ਦੇ ਵਿਦਿਆਰਥੀਆਂ ਨੇ ਪ੍ਰਿੰਸੀਪਲ ਸ੍ਰੀਮਤੀ ਅਲਪਨਾ ਪਾਠਕ ਦੀ ਅਗਵਾਈ ਹੇਠ ਜਨਮ ਅਸ਼ਟਮੀ ਦਾ ਤਿਉਹਾਰ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ। ਵਿਹੜੇ ਨੂੰ ਹਾਰਾਂ, ਚੂੜੀਆਂ ਤੇ ਫੁੱਲਾਂ ਨਾਲ ਸਜਾਇਆ ਗਿਆ ਸੀ। ਇਸ ਪ੍ਰੋਗਰਾਮ ਵਿੱਚ ਵਿਦਿਆਰਥੀ ਰਾਧਾ-ਕ੍ਰਿਸ਼ਨ, ਗਵਾਲ ਪਾਲ ਤੇ ਗੋਪੀਆਂ ਦੇ ਪਹਿਰਾਵੇ ਵਿੱਚ ਸਕੂਲ ਦੇ ਵਿਹੜੇ ਵਿੱਚ ਪੁੱਜੇ। ਪ੍ਰੋਗਰਾਮ ਦੀ ਸ਼ੁਰੂਆਤ ਦੀਪ ਜਗਾ ਕੇ ਤੇ ਸ੍ਰੀ ਕ੍ਰਿਸ਼ਨ ਆਰਤੀ ਨਾਲ ਕੀਤੀ ਗਈ। ਇਸ ਉਪਰੰਤ ਪਹਿਲੀ ਤੇ ਦੂਜੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਨਾਟਕ ਪੇਸ਼ ਕੀਤਾ ਗਿਆ, ਜਿਸ ਵਿੱਚ ਸ੍ਰੀ ਕ੍ਰਿਸ਼ਨ ਦੇ ਜਨਮ ਉਤਸਵ ਦੀ ਝਾਕੀ ਪੇਸ਼ ਕੀਤੀ ਗਈ। ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਡਾਂਸ ਨੇ ਸਾਰਿਆਂ ਦਾ ਮਨ ਮੋਹ ਲਿਆ। ਪ੍ਰਿੰਸੀਪਲ ਸ੍ਰੀਮਤੀ ਅਲਪਨਾ ਪਾਠਕ ਨੇ ਵਿਦਿਆਰਥੀਆਂ ਵੱਲੋਂ ਦਿੱਤੀ ਪੇਸ਼ਕਾਰੀ ਦੀ ਸ਼ਲਾਘਾ ਕੀਤੀ ਤੇ ਸਾਰਿਆਂ ਨੂੰ ਜਨਮ ਅਸ਼ਟਮੀ ਦੀ ਵਧਾਈ ਦਿੱਤੀ।

ਗੁਰਪ੍ਰੀਤ ਹੋਲੀ ਹਾਰਟ ਪਬਲਿਕ ਸਕੂਲ 'ਚ ਅਧਿਆਪਕ ਦਿਵਸ ਮਨਾਇਆ

ਮਹਿਲ ਕਲਾਂ (ਬਲਵਿੰਦਰ ਵਜੀਦਕੇ)-'ਅਧਿਆਪਕ ਚਾਕ ਤੇ ਚੁਣੌਤੀਆਂ ਦੇ ਸਹੀ ਮਿਸ਼ਰਣ ਨਾਲ ਜੀਵਨ ਬਦਲ ਸਕਦੇ ਹਨ।' ਮਾਨਯੋਗ ਮੈਨੇਜਿੰਗ ਡਾਇਰੈਕਟਰ ਸ੍ਰੀ ਸੁਸ਼ੀਲ ਗੋਇਲ ਤੇ ਐਗਜ਼ੀਕਿਊਟਿਵ ਡਾਇਰੈਕਟਰ ਰਾਕੇਸ਼ ਬਾਂਸਲ ਦੀ ਯੋਗ ਅਗਵਾਈ ਹੇਠ 3 ਸਤੰਬਰ 2023 ਨੂੰ ਅਧਿਆਪਕਾਂ ਲਈ ਇੱਕ ਵਿਸ਼ੇਸ਼ ਸਮਾਰੋਹ ਕੀਤਾ ਗਿਆ, ਜਿਸ ਵਿੱਚ ਵੈੱਲਕਮ, ਡਾਂਸ, ਗੇਮਜ਼ ਤੇ ਸਰਪ੍ਰਾਈਜ਼ ਅਤੇ ਇੱਕ ਸ਼ਾਨਦਾਰ ਡਿੱਨਰ ਦੇ ਨਾਲ-ਨਾਲ ਇੱਕ ਵਿਦਿਆਰਥੀ ਦੇ ਰੂਪ ਵਿੱਚ ਪਿਛਲੇ ਦਿਨਾਂ ਦੇ ਅਧਿਆਪਕਾਂ ਨੂੰ ਯਾਦ ਕਰਨ ਲਈ ਇੱਕ ਮਿਸਟਰ ਤੇ ਮਿਸ ਮੁਕਾਬਲਾ ਸ਼ਾਮਲ ਸੀ। ਇਸ ਮੌਕੇ ਪੰਜਾਬੀ ਸਿਨੇਮਾ ਦੇ ਉੱਘੇ ਸਿਤਾਰੇ ਰੁਪਿੰਦਰ ਰੂਪੀ, ਭੁਪਿੰਦਰ ਬਰਨਾਲਾ ਤੇ ਭਾਰਤੀ ਵਰਮਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਕਾਮਯਾਬੀ ਦਾ ਸਿਹਰਾ ਆਪਣੇ ਅਧਿਆਪਕਾਂ ਨੂੰ ਦਿੱਤਾ। ਇਸ ਦੇ ਨਾਲ ਹੀ ਚੈਰਿਟੀ ਹਾਊਸ ਵੱਲੋਂ ਇੱਕ ਵਿਸ਼ੇਸ਼ ਸਵੇਰ ਦੀ ਸਭਾ ਦਾ ਆਯੋਜਨ ਕੀਤਾ ਗਿਆ, ਜਿਸ 'ਚ ਵਿਦਿਆਰਥੀਆਂ ਨੇ ਮਹਾਨ ਅਧਿਆਪਕ ਡਾ: ਸਰਵੱਪਲੀ ਰਾਧਾਕ੍ਰਿਸ਼ਨਨ ਨੂੰ ਸ਼ਰਧਾਂਜਲੀ ਭੇਟ ਕੀਤੀ। ਪ੍ਰਿੰਸੀਪਲ ਨੀਰਜ ਅਗਰਵਾਲ ਨੇ ਸਮੁੱਚੇ ਸਕੂਲ ਨੂੰ ਸੰਬੋਧਨ ਕਰਦਿਆਂ ਵਿਦਿਆਰਥੀਆਂ ਨੂੰ ਅਧਿਆਪਕਾਂ ਦਾ ਸਤਿਕਾਰ ਕਰਨ ਦੀ ਰਵਾਇਤ ਨੂੰ ਕਾਇਮ ਰੱਖਣ ਦੀ ਅਪੀਲ ਕੀਤੀ ਤੇ ਸਮੁੱਚੇ ਸਟਾਫ ਦੀ ਸ਼ਲਾਘਾ ਕੀਤੀ।

ਲਾਇਨਜ਼ ਕਲੱਬ ਨੇ ਗਿੱਦੜਵਿੰਡੀ ਸਕੂਲ 'ਚ ਲਵਾਇਆ ਵਾਟਰ ਕੂਲਰ

ਜਗਰਾਉਂ (ਸੰਜੀਵ ਅਰੋੜਾ)-ਦੁਨੀਆ ਦੇ 116 ਦੇਸ਼ਾਂ 'ਚ ਸਥਾਪਤ ਸਮਾਜ ਸੇਵੀ ਸੰਸਥਾ ਲਾਇਨਜ਼ ਕਲੱਬ ਦੀ ਇਕਾਈ ਲਾਇਨਜ਼ ਕਲੱਬ ਜਗਰਾਉਂ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਿੱਦੜਵਿੰਡੀ ਦੇ ਬੱਚਿਆਂ ਦੀ ਚਿਰੋਕਣੀ ਮੰਗ ਨੂੰ ਪੂਰਾ ਕਰਦੇ ਹੋਏ ਠੰਡੇ ਪਾਣੀ ਕਰਨ ਵਾਲਾ ਬਿਜਲਈ ਕੂਲਰ ਲਗਵਾ ਕੇ ਦਿੱਤਾ। ਬੱਚਿਆਂ ਲਈ ਇਹ ਖਾਸ ਤੋਹਫਾ ਲਾਇਨਜ਼ ਕਲੱਬ ਦੇ ਸਾਬਕਾ ਪ੍ਰਧਾਨ ਲਾਇਨ ਗੁਰਤੇਜ ਸਿੰਘ ਗਿੱਲ (ਐਡਵੋਕੇਟ), ਸੇਵਾ ਮੁਕਤ ਪ੍ਰਿੰਸੀਪਲ ਲਖਵੰਤ ਕੌਰ ਗਿੱਲ ਦੇ ਸਮਾਜ ਸੇਵੀ ਪਿਤਾ ਸਵ: ਹਰਜੀਤ ਸਿੰਘ ਦੀ ਨਿੱਘੀ ਯਾਦ 'ਚ ਕਲੱਬ ਵੱਲੋਂ ਭੇਟ ਕੀਤਾ ਗਿਆ। ਪ੍ਰੋਜੈਕਟ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਲਾਇਨਜ਼ ਕਲੱਬ ਦੇ ਪ੍ਰਧਾਨ ਸੁਭਾਸ਼ ਕਪੂਰ ਨੇ ਪਿੰਡ ਦੇ ਸਰਪੰਚ ਅਵਤਾਰ ਸਿੰਘ, ਪ੍ਰਿੰਸੀਪਲ ਹਰਪ੍ਰੀਤ ਸਿੰਘ ਨੂੰ ਕੂਲਰ ਭੇਟ ਕਰਦਿਆਂ ਆਖਿਆ ਕਿ ਸਾਨੂੰ ਖੁਸ਼ੀ ਹੈ ਕਿ ਅਸੀਂ ਬੇਟ ਖੇਤਰ ਦੇ ਹੋਣਹਾਰ ਤੇ ਅਗਾਂਹਵਧੂ ਬੱਚਿਆਂ ਦੀ ਮੰਗ ਨੂੰ ਪੂਰਾ ਕਰ ਸਕੇ ਹਾਂ। ਉਨ੍ਹਾਂ ਤੋਂ ਬਾਅਦ ਲਾਇਨ ਚਰਨਜੀਤ ਸਿੰਘ ਢਿੱਲੋਂ ਤੇ ਪ੍ਰਿੰਸੀਪਲ ਹਰਪ੍ਰੀਤ ਸਿੰਘ ਨੇ ਸਵ: ਹਰਜੀਤ ਸਿੰਘ ਦੇ ਪਰਿਵਾਰ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇਸ ਛੋਟੇ ਪਰ ਪ੍ਰਭਾਵਸ਼ਾਲੀ ਸਮਾਗਮ ਨੂੰ ਸਕੱਤਰ ਲਾਇਨ ਕੁਲਦੀਪ ਰੰਧਾਵਾ, ਲੈਕਚਰਾਰ ਅੰਮ੍ਰਿਤਪਾਲ ਸਿੰਘ, ਲਾਇਨ ਸਤਪਾਲ ਗਰੇਵਾਲ, ਲਾਇਨ ਐੱਸ. ਪੀ. ਸਿੰਘ, ਲਾਇਨ ਇੰਜੀਨੀਅਰ ਅੰਮ੍ਰਿਤ ਸਿੰਘ ਬਿੰਦ ਨੇ ਸ਼ਬਦਾਂ ਦੀ ਸਾਂਝ ਪਾਈ। ਇਸ ਮੌਕੇ ਕਾਮਰੇਡ ਨਛੱਤਰ ਸਿੰਘ, ਜਗਦੇਵ ਸਿੰਘ, ਕੁਲਦੀਪ ਸਿੰਘ, ਸੁਖਦੇਵ ਸਿੰਘ, ਬੀਰਿੰਦਰ ਸਿੰਘ ਗਿੱਲ, ਸਤਪਾਲ ਨਿਝਾਵਨ ਤੇ ਗੁਲਵੰਤ ਸਿੰਘ ਗਿੱਲ ਆਦਿ ਪਤਵੰਤੇ ਹਾਜ਼ਰ ਸਨ।

ਕਨਵ ਬਾਂਸਲ ਨੂੰ ਕੀਤਾ ਸਨਮਾਨਤ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਲਈ ਇਹ ਮਾਣ ਵਾਲੀ ਗੱਲ ਹੈ ਕਿ 10ਵੀਂ ਜਮਾਤ ਦੇ ਮਾਸਟਰ ਕਨਵ ਬਾਂਸਲ ਨੂੰ ਭਾਰਤ ਵਿਕਾਸ ਪ੍ਰੀਸ਼ਦ ਸਮਾਣਾ ਵੱਲੋਂ ਵਿੱਦਿਅਕ ਤੇ ਸਹਿ-ਵਿੱਦਿਅਕ ਖੇਤਰਾਂ ਵਿੱਚ ਵਧੀਆ ਕਾਰਗੁਜ਼ਾਰੀ ਲਈ ਸਨਮਾਨਤ ਕੀਤਾ ਗਿਆ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਸਕੂਲ ਕੈਂਪਸ ਵਿੱਚ ਬੱਚੇ ਨੂੰ ਸਨਮਾਨਤ ਕੀਤਾ ਤੇ ਸਕੂਲ ਦਾ ਮਾਣ ਵਧਾਉਣ ਲਈ ਵਧਾਈ ਦਿੱਤੀ। ਸਕੂਲ ਚੇਅਰਮੈਨ ਅਮਿਤ ਸਿੰਗਲਾ ਨੇ ਵੀ ਕਨਵ ਬਾਂਸਲ ਨੂੰ ਵਧਾਈ ਦਿੱਤੀ ਤੇ ਉਸ ਦੇ ਸੁਨਹਿਰੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

ਨਸ਼ੇ ਦੀ ਰੋਕਥਾਮ ਲਈ ਸੈਮੀਨਾਰ

ਤਪਾ ਮੰਡੀ (ਅਰੁਣ ਗੋਇਲ)-ਸੈਮਰੌਕ ਇੰਟਰਨੈਸ਼ਨਲ ਪਬਲਿਕ ਸਕੂਲ 'ਚ ਨਸ਼ੇ ਦੇ ਮਾੜੇ ਰੁਝਾਨਾਂ ਪ੍ਰਤੀ ਜਾਗਰੂਕ ਕਰਨ ਲਈ ਇਸ ਦੀ ਸਖਤੀ ਨਾਲ ਰੋਕਥਾਮ ਨੂੰ ਲੈ ਕੇ ਇੱਕ ਸੈਮੀਨਾਰ ਕਰਵਾਇਆ ਗਿਆ, ਜਿਸ 'ਚ ਮੁੱਖ ਮਹਿਮਾਨ ਵਜੋਂ ਡੀ.ਐੱਸ.ਪੀ. ਡਾ. ਮਾਨਵਜੀਤ ਸਿੰਘ ਸਿੱਧੂ ਹਾਜ਼ਰ ਹੋਏ। ਉਨ੍ਹਾ ਵਿਦਿਆਰਥੀਆਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕੀਤਾ ਤੇ ਸਕੂਲ ਦੁਆਰਾ ਇਸ ਲਈ ਕੀਤੇ ਗਏ ਉਪਰਾਲੇ ਦੀ ਸ਼ਲਾਘਾ ਕੀਤੀ। ਸੈਮੀਨਾਰ ਦੌਰਾਨ ਵਿਦਿਆਰਥੀਆਂ ਨੇ ਵੀ ਨਾਟਕ ਰਾਹੀਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ। ਇਸ ਦੌਰਾਨ ਪੋਸਟਰ ਮੇਕਿੰਗ ਮੁਕਾਬਲਾ ਵੀ ਕਰਵਾਇਆ ਗਿਆ। ਡੀ.ਐੱਸ.ਪੀ. ਤਪਾ ਡਾ. ਮਾਨਵਜੀਤ ਸਿੰਘ ਸਿੱਧੂ ਨੇ ਜੇਤੂ ਬੱਚਿਆਂ ਨੂੰ ਸਨਮਾਨਤ ਕੀਤਾ।

ਟੈਗੋਰ ਵਿਦਿਆਲਿਆ ਦੇ ਖਿਡਾਰੀਆਂ ਪੰਜਾਬ ਜ਼ੋਨ ਖੇਡਾਂ 'ਚ ਮਾਰੀਆਂ ਮੱਲਾਂ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)-ਟੈਗੋਰ ਵਿਦਿਆਲਿਆ ਲੌਂਗੋਵਾਲ ਦੇ ਖਿਡਾਰੀਆਂ ਨੇ ਪੰਜਾਬ ਜ਼ੋਨ ਖੇਡ ਮੇਲੇ ਵਿੱਚ ਮੱਲਾਂ ਮਾਰਦੇ ਹੋਏ ਅੰਡਰ-17 ਰੱਸਾਕਸ਼ੀ ਬਲਾਕ ਪੱਧਰੀ ਖੇਡਾਂ ਵਿੱਚ ਜੇਤੂ ਟੀਮ ਅਤੇ ਅੰਡਰ-14 ਤੇ ਅੰਡਰ-17 ਕਬੱਡੀ ਦੀਆਂ ਬਲਾਕ ਪੱਧਰੀ ਖੇਡਾਂ 'ਚ ਜੇਤੂ ਅਤੇ ਅੰਡਰ-17 ਫੁੱਟਬਾਲ ਦੀਆਂ ਖਿਡਾਰਨਾਂ ਨੇ ਬਲਾਕ ਪੱਧਰ 'ਚੋਂ ਦੂਸਰਾ ਸਥਾਨ ਪ੍ਰਾਪਤ ਕੀਤਾ ਅਤੇ ਫੁੱਟਬਾਲ 'ਚ 7 ਖਿਡਾਰਨਾਂ ਦੀ ਅਤੇ ਦੋ ਲੜਕਿਆਂ ਦੀ ਜ਼ਿਲ੍ਹੇ ਲਈ ਸਿਲੈਕਸ਼ਨ ਹੋਈ। ਇਸ ਮੌਕੇ ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ ਸਕੂਲ ਨੇ ਸਟਾਫ ਤੇ ਖਿਡਾਰੀਆਂ ਨੂੰ ਵਧਾਈ ਦਿੱਤੀ। ਸਕੂਲ ਮੈਨੇਜਮੈਂਟ ਮੈਂਬਰ ਕੁਲਦੀਪ ਸਿੰਘ ਮੰਡੇਰ, ਗੋਬਿੰਦ ਸਿੰਘ ਗਿੱਲ ਤੇ ਜਤਿੰਦਰ ਰਿਸ਼ੀ ਨੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਪ੍ਰਸ਼ੰਸਾ ਕੀਤੀ ਅਤੇ ਸਟਾਫ ਨੂੰ ਵਧਾਈ ਦਿੱਤੀ। ਇਸ ਤੋਂ ਇਲਾਵਾ ਸਕੂਲ ਦੇ ਡੀ ਪੀ ਈ ਅਧਿਆਪਕ ਗੁਰਪ੍ਰੀਤ ਸਿੰਘ, ਮੈਡਮ ਸੁਨੀਤਾ ਸ਼ਰਮਾ, ਲਖਮੀਰ ਸਿੰਘ ਤੇ ਪਰਮਿੰਦਰ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਦੀ ਮਿਹਨਤ ਸਦਕਾ ਸੰਸਥਾ ਦਾ ਨਾਮ ਰੌਸ਼ਨ ਹੋਇਆ।

ਸਰਪੰਚ ਯੂਨੀਅਨ ਪੰਜਾਬ ਨੇ ਐੱਸ ਐੱਸ ਪੀ ਨੂੰ ਸੌਂਪਿਆ ਮੰਗ ਪੱਤਰ

ਕਲਾਕਾਰ ਸੋਨੀਆ ਮਾਨ ਖਿਲਾਫ ਕਾਰਵਾਈ ਦੀ ਮੰਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਰਪੰਚ ਯੂਨੀਅਨ ਪੰਜਾਬ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਅਹੁਦੇਦਾਰਾਂ ਨੇ ਜ਼ਿਲ੍ਹਾ ਪ੍ਰਧਾਨ ਹੰਸਾ ਸਿੰਘ ਦੀ ਪ੍ਰਧਾਨਗੀ ਹੇਠ ਐੱਸ.ਐੱਸ.ਪੀ. ਫ਼ਿਰੋਜ਼ਪੁਰ ਦੀਪਕ ਹਿਲੋਰੀ ਨੂੰ ਆਪਣੀਆਂ ਮੰਗਾਂ ਸਬੰਧੀ ਮੰਗ ਪੱਤਰ ਸੌਂਪਿਆ।ਇਸ ਮੌਕੇ ਜਥੇਬੰਦੀ ਦੇ ਅਧਿਕਾਰੀਆਂ ਨੇ ਸਰਪੰਚਾਂ ਖ਼ਿਲਾਫ਼ ਗਲਤ ਸ਼ਬਦਾਵਲੀ ਵਰਤਣ ਵਾਲੀ ਕਲਾਕਾਰ ਸੋਨੀਆ ਮਾਨ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ। ਜਥੇਬੰਦੀ ਦੇ ਆਗੂ ਹੰਸਾ ਸਿੰਘ, ਗੁਰਮੀਤ ਸਿੰਘ, ਸਾਰਜ ਸਿੰਘ, ਸਰਪੰਚ ਕੌਰ, ਬੋਹੜ ਸਿੰਘ, ਜੰਡ ਸਿੰਘ, ਜਸਪ੍ਰੀਤ ਕੌਰ, ਹਰਜੋਤ ਸਿੰਘ, ਜਲਜੀਤ ਸਿੰਘ, ਮਲਕੀਤ ਸਿੰਘ, ਪਰਮਜੀਤ ਕੌਰ, ਸਾਰਜ ਸਿੰਘ, ਜਗਦੇਵ ਸਿੰਘ, ਗੁਰਬਖਸ਼ ਸਿੰਘ, ਸ਼ਮਸ਼ੇਰ ਸਿੰਘ ਆਦਿ ਨੇ ਦੱਸਿਆ ਕਿ ਉਕਤ ਕਲਾਕਾਰ ਸੋਨੀਆ ਮਾਨ ਨੇ ਸਰਪੰਚਾਂ ਖਿਲਾਫ ਗਲਤ ਸ਼ਬਦਾਵਲੀ ਦੀ ਵਰਤੋਂ ਕਰਦਿਆਂ ਉਨ੍ਹਾਂ ਨੂੰ ਝੂਠਾ, ਚੋਰ ਤੇ ਬੇਸ਼ਰਮ ਕਿਹਾ ਹੈ ਅਤੇ ਉਸ ਦੀ ਵੀਡੀਓ ਸੰਸਥਾ ਕੋਲ ਹੈ।

ਉਨ੍ਹਾਂ ਕਿਹਾ ਕਿ ਕਿਸੇ ਵੀ ਵਿਅਕਤੀ ਜਾਂ ਕਲਾਕਾਰ ਨੂੰ ਸਰਪੰਚਾਂ ਖਿਲਾਫ ਗਲਤ ਸ਼ਬਦ ਬੋਲਣ ਦਾ ਅਧਿਕਾਰ ਨਹੀਂ ਹੈ।ਇਸ ਲਈ ਅਸੀਂ ਮੰਗ ਕਰਦੇ ਹਾਂ ਕਿ ਉਕਤ ਕਲਾਕਾਰ ਸੋਨੀਆ ਮਾਨ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

21-22 ਅਕਤੂਬਰ ਨੂੰ ਮੋਗਾ ਵਿਖੇ ਮੁਲਾਜ਼ਮਾਂ ਦੀ ਕੌਮੀ ਕਾਨਫਰੰਸ ਲਈ ਤਿਆਰੀਆਂ ਸ਼ੁਰੂ

ਮੋਗਾ (ਅਮਰਜੀਤ ਬੱਬਰੀ)-ਦੇਸ਼ ਭਰ ਦੇ ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਕਨਫੈਡਰੇਸ਼ਨ ਦੀ ਕੌਮੀ ਕਾਨਫਰੰਸ 21-22 ਅਕਤੂਬਰ ਨੂੰ ਸਥਾਨਕ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਹੋ ਰਹੀ ਹੈ। ਇਸ ਕੌਮੀ ਕਾਨਫਰੰਸ ਦਾ ਉਦਘਾਟਨ 21 ਅਕਤੂਬਰ ਨੂੰ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਜਨਰਲ ਸਕੱਤਰ ਕਾਮਰੇਡ ਅਮਰਜੀਤ ਕੌਰ ਕਰਨਗੇ ਅਤੇ 22 ਅਕਤੂਬਰ ਨੂੰ ਜਥੇਬੰਦਕ ਇਜਲਾਸ ਤੋਂ ਇਲਾਵਾ "ਭਾਰਤ ਦਾ ਭਵਿੱਖ ਅਤੇ ਭਾਰਤੀ ਸਿਵਲ ਸੇਵਾ ਦਾ ਭਵਿੱਖ" ਵਿਸ਼ੇ 'ਤੇ ਸੈਮੀਨਾਰ ਹੋਵੇਗਾ। ਇਸ ਸੈਮੀਨਾਰ ਦਾ ਉਦਘਾਟਨ ਕਾਮਰੇਡ ਬਿਨੋਏ ਐਮ ਪੀ ਵੱਲੋਂ ਕੀਤਾ ਜਾਵੇਗਾ। ਇਹ ਜਾਣਕਾਰੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਸੂਬਾ ਪ੍ਰਧਾਨ ਅਤੇ ਕੌਮੀ ਵਾਈਸ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ ਅਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਦੇ ਸੂਬਾਈ ਕਨਵੀਨਰ ਗੁਰਜੰਟ ਸਿੰਘ ਕੋਕਰੀ ਵੱਲੋਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਕਾਨਫਰੰਸ 'ਚ ਸ਼ਾਮਲ ਹੋ ਰਹੇ ਡੈਲੀਗੇਟਾਂ ਲਈ ਰਿਹਾਇਸ਼ ਅਤੇ ਖਾਣ ਪੀਣ ਦੇ ਮੁਢਲੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਸ ਕਾਨਫਰੰਸ ਵਿੱਚ ਮੁਲਾਜ਼ਮਾਂ ਦੇ ਭਖਦੇ ਮੁੱਦਿਆਂ 1 ਜਨਵਰੀ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨਾ, ਵੱਖੋ ਵ

10-Sep-PAGE-3.qxd 9/9/2023 9:21 PM Page 1

ਜੀ-20 ਦੇ ਵਿਰੋਧ 'ਚ ਕਿਸਾਨਾਂ ਨੇ ਮੋਦੀ ਦਾ ਪੁਤਲਾ ਫੂਕਿਆ

ਕਲਾਨੌਰ (ਮਨਦੀਪ ਕੁਮਾਰ)-ਦਿੱਲੀ ਦੀ ਜੀ-20 ਬੈਠਕ ਦੇ ਵਿਰੋਧ ਵਿੱਚ ਕਲਾਨੌਰ ਬੱਸ ਸਟੈਂਡ ਦੇ ਸਾਹਮਣੇ ਨੈਸ਼ਨਲ ਹਾਈਵੇ -354 'ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ ਗਿਆ। ਇਹ ਪ੍ਰਦਰਸ਼ਨ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਸਪਰਾਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ੋਨ ਤੇਜਾ ਸਿੰਘ ਸੁਤੰਤਰ ਪ੍ਰਧਾਨ ਰਣਬੀਰ ਸਿੰਘ ਡੁੱਗਰੀ ਦੀ ਹਾਜ਼ਰੀ ਵਿੱਚ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮੋਦੀ ਵੱਲੋਂ ਜੋ ਇਹ ਜੀ-20 ਦੀ ਬੈਠਕ ਕੀਤੀ ਜਾ ਰਹੀ ਹੈ ਉਸ ਵਿੱਚ ਕਿਸਾਨੀ ਅਤੇ ਗਰੀਬ ਲੋਕਾਂ ਨੂੰ ਖਤਮ ਕਰਨ ਦੀਆਂ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਕਾਰਪੋਰੇਟ ਘਰਾਣਿਆਂ ਨਾਲ ਮਿਲ ਕੇ ਉਨ੍ਹਾਂ ਨੂੰ ਕਿਸ ਤਰ੍ਹਾਂ ਫਾਇਦਾ ਪਹੁੰਚਾਇਆ ਜਾ ਸਕਦਾ ਹੈ। ਰਣਬੀਰ ਸਿੰਘ ਡੁੱਗਰੀ ਨੇ ਕਿਹਾ ਕਿ ਪੰਜਾਬ ਵਿੱਚ ਤਾਂ ਪਹਿਲਾਂ ਹੀ ਹੜ੍ਹਾਂ ਨੇ ਕਿਸਾਨਾਂ ਨੂੰ ਮਾਰ ਕੇ ਰੱਖ ਦਿੱਤਾ ਹੈ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਕਿਹਾ ਕਿ ਉਹ ਵੀ ਆਏ ਦਿਨ ਬਿਆਨਾਂ ਵਿਚ ਵੱਡੀਆਂ-ਵੱਡੀਆਂ ਡੀਂਗਾਂ ਮਾਰਦੇ ਹਨ ਪਰ ਕੀਤਾ ਉਹਨਾਂ ਨੇ ਵੀ ਕਿਸਾਨਾਂ ਲਈ ਕੁਝ ਨਹੀਂ ਹੈ ਸਗੋਂ ਇਸਦੇ ਉਲਟ ਸਮਾਜ ਸੇਵੀ ਅਤੇ ਬਿਜਨਸਮੈਨ ਐਸ ਪੀ ਸਿੰਘ ਓਬਰਾਏ ਵੱਲੋਂ 4 ਹਜਾਰ ਘਰਾਂ ਨੂੰ ਬਣਾਉਣ ਲਈ ਜੋ ਜਿੰਮਾ ਉਠਾਇਆ ਗਿਆ ਹੈ ਉਨ੍ਹਾਂ ਨੇ ਐਸ ਪੀ ਸਿੰਘ ਉਬਰਾਏ ਦੀ ਜੰਮ ਕੇ ਤਾਰੀਫ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਜੀ-20 ਦਾ ਜੰਮ ਕੇ ਵਿਰੋਧ ਕਰਦੇ ਹਾਂ ਅਤੇ ਕਰਦੇ ਰਹਾਂਗੇ। ਆਪਣੇ ਹੱਕਾਂ ਲਈ ਲੜਦੇ ਰਹਾਂਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਨੈਲ ਸਿੰਘ ਆਦੀਆਂ, ਦੇਸਾ ਸਿੰਘ ਰੁਡਿਆਣਾ, ਗੁਰਪ੍ਰੀਤ ਸਿੰਘ ਸ਼ਹੂਰ, ਕੁਲਵੰਤ ਸਿੰਘ, ਕਰਨੈਲ ਸਿੰਘ, ਸੁੱਚਾ ਸਿੰਘ, ਪ੍ਰਗਟ ਸਿੰਘ, ਗੁਰਮੁਖ ਸਿੰਘ, ਜਸਪਾਲ ਸਿੰਘ, ਜਗਦੀਪ ਸਿੰਘ, ਦਿਲਜੀਤ ਸਿੰਘ, ਬਲਵਿੰਦਰ ਸਿੰਘ, ਹਰਵਿੰਦਰ ਸਿੰਘ, ਰੇਸ਼ਮ ਸਿੰਘ, ਗੁਰਮੀਤ ਸਿੰਘ ਤੋਂ ਇਲਾਵਾ ਹੋਰ ਵੀ ਕਿਸਾਨ ਹਾਜ਼ਰ ਸਨ।

ਹੜ੍ਹ ਪੀੜਤਾਂ ਦੇ ਹੱਕ 'ਚ ਕਿਸਾਨ ਭਲਕੇ ਲਾਉਣਗੇ ਤਿੰਨ ਦਿਨਾ ਧਰਨਾ

ਪਠਾਨਕੋਟ (ਦਵਿੰਦਰ ਸਿੰਘ)-ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਕਾਮਰੇਡ ਪਰਮਜੀਤ ਦੀ ਅਗਵਾਈ ਵਿੱਚ ਪ੍ਰਬੰਧਕੀ ਕੰਪਲਕਸ ਮਲਕਪੁਰ ਵਿਖੇ ਹੋਈ, ਜਿਸ ਵਿਚ ਕੁਲ ਹਿੰਦ ਕਿਸਾਨ ਸਭਾ ਵੱਲੋਂ ਪਰਸ਼ੋਤਮ ਕੁਮਾਰ, ਕੇਵਲ ਕ੍ਰਿਸ਼ਨ, ਜਮਹੂਰੀ ਕਿਸਾਨ ਸਭਾ ਵੱਲੋਂ ਬਲਦੇਵ ਰਾਜ, ਬਲਵੰਤ ਸਿੰਘ, ਕੁਲ ਹਿੰਦ ਕਿਸਾਨ ਸਭਾ ਵੱਲੋਂ ਸੱਤਿਆ ਦੇਵ ਸੈਣੀ, ਬਲਬੀਰ ਸਿੰਘ, ਕਿਰਤੀ ਕਿਸਾਨ ਯੂਨੀਅਨ ਵੱਲੋਂ ਪਰਮਜੀਤ ਹਾਜ਼ਰ ਹੋਏ। ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਆਗੂਆਂ ਨੇ ਦੱਸਿਆ ਕਿ ਕਿਸਾਨਾਂ ਦੀਆਂ ਮੰਗਾਂ ਅਤੇ ਹੜ੍ਹ ਪੀੜਤਾਂ ਨੂੰ ਮੁਆਵਜ਼ੇ ਦੇ ਸਬੰਧ ਵਿੱਚ ਪਠਾਨਕੋਟ ਅਤੇ ਗੁਰਦਾਸਪੁਰ ਦੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਸਾਂਝੇ ਤੌਰ ਤੇ 11,12, ਅਤੇ 13 ਸਤੰਬਰ ਨੂੰ ਕੈਬਨਿਟ ਮੰਤਰੀ ਲਾਲ ਚੰਦ ਕਟਰੂਚੱਕ ਦੀ ਰਿਹਾਇਸ਼ ਅੱਗੇ ਦਿਨ ਰਾਤ ਦਾ ਲਗਾਤਾਰ ਧਰਨਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 8600 ਰੁਪਏ ਮੁਆਵਜ਼ਾ ਹੜ੍ਹ ਪੀੜਤਾਂ ਦੇ ਜ਼ਖਮਾਂ 'ਤੇ ਨਮਕ ਹੈ। ਫਸਲਾਂ, ਢੱਠੇ ਘਰਾਂ, ਚਾਰੇ ਆਦਿ ਨੁਕਸਾਨ ਦਾ ਯੋਗ ਮੁਆਵਜ਼ਾ ਦਿੱਤਾ ਜਾਵੇ। ਹੜ੍ਹਾਂ ਦੀ ਰੋਕਥਾਮ ਲਈ ਅਗਾਊਂ ਪ੍ਰਬੰਧ ਕੀਤੇ ਜਾਣ। ਨਾਲਿਆਂ ਦੀ ਸਫ਼ਾਈ, ਧੁੱਸੀ ਦੀ ਮੁਰੰਮਤ ਪਹਿਲਾਂ ਕੀਤੀ ਜਾਵੇ। ਯਾਦ ਰਹੇ ਕਿ ਕਿਸਾਨ ਜਥੇਬੰਦੀਆ 50000 ਰੁਪਏ ਪ੍ਰਤੀ ਕਿੱਲਾ ਮੁਆਵਜ਼ਾ ਮੰਗ ਰਹੀਆਂ ਸਨ ਪਰ ਮੁਖ ਮੰਤਰੀ ਨੇ 15000 ਪ੍ਰਤੀ ਕਿੱਲੇ ਦਾ ਐਲਾਨ ਕੀਤਾ ਸੀ। 8600 ਰੁਪਏ ਦਾ ਨਿਗੂਣਾ ਮੁਆਵਜ਼ਾ ਤਾਂ ਕਿਸਾਨਾਂ ਨਾਲ ਮਖੌਲ ਹੈ। ਇਨ੍ਹਾਂ ਮੰਗਾਂ ਤੋਂ ਇਲਾਵਾ ਉਨ੍ਹਾਂ ਮੰਗ ਕੀਤੀ ਕਿ ਫਸਲਾਂ ਦੀ ਐੱਮਐੱਸਪੀ ਨੂੰ ਕਾਨੂੰਨੀ ਸ਼ਕਲ ਦਿੱਤੀ ਜਾਵੇ।

ਵਾਹਿਗੁਰੂ ਐਂਟਰਪ੍ਰਾਈਜ਼ਿਜ਼ ਨੇ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾਇਆ

ਗੋਇੰਦਵਾਲ ਸਹਿਬ (ਕਾਬਲ ਸਿੰਘ ਮੱਲ੍ਹੀ)-ਵਾਹਿਗੁਰੂ ਇੰਟਰਪ੍ਰਾਈਜ਼ਿਜ਼ ਇਲਾਕੇ ਵਿਚ ਵੀਜ਼ੇ ਲਗਵਾਉਣ ਵਿੱਚ ਪਹਿਲੀ ਕਤਾਰ ਵਿੱਚ ਨਜ਼ਰ ਆਉਂਦੀ ਹੈ। ਇਸ ਨੇ ਸਾਜਨ ਸ਼ਰਮਾ ਵਾਸੀ ਫਤਿਹਾਬਾਦ ਦਾ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾ ਕੇ ਇਕ ਹੋਰ ਮਾਅਰਕਾ ਮਾਰਿਆ ਹੈ। ਐੱਮ. ਡੀ. ਰਾਜਵਿੰਦਰ ਸਿੰਘ ਨੇ ਦੱਸਿਆ ਕਿ ਸਾਜਨ ਦੇ ਮਾਪੇ ਬਹੁਤ ਖੁਸ਼ ਹਨ। ਸੰਸਥਾ ਦੇ ਐੱਮਡੀ ਨੇ ਦੱਸਿਆ ਕਿ ਵਿਦੇਸ਼ਾਂ ਵਿਚ ਭੇਜੇ ਗਏ ਵਿਦਿਆਰਥੀ ਜਿੱਥੇ ਵੱਖ-ਵੱਖ ਯੂਨੀਵਰਸਿਟੀਆਂ/ਕਾਲਜਾਂ ਵਿੱਚ ਪੜ੍ਹਾਈ ਕਰ ਰਹੇ ਹਨ ਅਤੇ ਬਣਦੇ ਸਮੇਂ ਅੰਦਰ ਆਪਣਾ ਕੰਮ ਕਰ ਰਹੇ ਹਨ। ਲੋੜ ਮੁਤਾਬਕ ਉਨ੍ਹਾਂ ਨੂੰ ਸੰਸਥਾ ਵੱਲੋਂ ਗਾਈਡ ਵੀ ਕੀਤਾ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਸਤੰਬਰ ਇਨਟੇਕ ਲਈ ਸੰਸਥਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਸਾਜਨ ਸ਼ਰਮਾ ਅਤੇ ਉਸਦੇ ਪਰਿਵਾਰ ਨੇ ਵਾਹਿਗੁਰੂ ਇੰਟਰਪ੍ਰਾਈਜ਼ਿਜ਼ ਅਤੇ ਉਸ ਦੇ ਸਮੁੱਚੇ ਸਟਾਫ ਦਾ ਧੰਨਵਾਦ ਕੀਤਾ।

ਇਕੋ ਵੇਲੇ ਤਿੰਨ ਬੱਚਿਆਂ ਦਾ ਜਨਮ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਤਰਨ ਤਾਰਨ ਬੱਸ ਸਟੈਂਡ ਦੇ ਨਜ਼ਦੀਕ ਸਿਟੀ ਹਸਪਤਾਲ ਦੇ ਡਾ. ਜਗਜੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਰਣਜੀਤ ਕੌਰ ਪਤਨੀ ਹੀਰਾ ਸਿੰਘ ਨਿਵਾਸੀ ਪਿੰਡ ਭਲਾਈਪੁਰ ਤਹਿਸੀਲ ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ ਨੇ ਤਿੰਨ ਨਵਜਨਮੇ ਬੱਚੇ ਦੋ ਲੜਕੀਆਂ ਅਤੇ ਇੱਕ ਲੜਕੇ ਨੂੰ ਜਨਮ ਦਿੱਤਾ ਅਤੇ ਤਿੰਨੋਂ ਹੀ ਤੰਦਰੁਸਤ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਬੱਚਿਆਂ ਦੇ ਜਨਮ ਤੋਂ ਪਹਿਲਾਂ ਡਾ. ਆਰਐੱਸ ਬਾਜਵਾ ਦੀ ਟੀਮ ਦੀ ਨਿਗਰਾਨ ਹੇਠ ਹੀ ਇੱਕੋ ਸਮੇਂ ਤਿੰਨ ਬੱਚਿਆਂ ਦਾ ਜਨਮ ਹੋਇਆ। ਡਾਕਟਰਾਂ ਦੀ ਟੀਮ ਨੇ ਬੱਚੇ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ

ਡੇਂਗੂ ਦੇ ਕੇਸਾਂ 'ਤੇ ਕਾਬੂ ਪਾਉਣ ਲਈ ਸਿਹਤ ਵਿਭਾਗ ਨੂੰ ਤੁਰੰਤ ਐਕਸ਼ਨ ਦੇ ਨਿਰਦੇਸ਼

ਗੁਰਦਾਸਪੁਰ, 9 ਸਤੰਬਰ (ਜਨਕ ਮਹਾਜਨ)-ਜ਼ਿਲ੍ਹੇ ਵਿੱਚ ਡੇਂਗੂ ਅਤੇ ਚਿਕਨਗੁਨੀਆ ਦੇ ਆ ਰਹੇ ਕੇਸਾਂ ਨੂੰ ਧਿਆਨ ਵਿੱਚ ਰੱਖਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਿਹਤ ਵਿਭਾਗ ਅਤੇ ਸਥਾਨਕ ਸਰਕਾਰਾਂ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਇਸ ਵੱਧ ਰਹੀ ਬਿਮਾਰੀ ਉੱਪਰ ਕਾਬੂ ਪਾਉਣ ਲਈ ਤੁਰੰਤ ਲੋੜੀਂਦੀ ਕਾਰਵਾਈ ਕਰਨ। ਪੰਚਾਇਤ ਭਵਨ ਸਿਹਤ ਵਿਭਾਗ ਦੀ ਰੀਵਿਊ ਮੀਟਿੰਗ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਹੁਣ ਤੱਕ 104 ਡੇਂਗੂ ਦੇ ਅਤੇ 19 ਚਿਕਨਗੁਨੀਆ ਦੇ ਕੇਸ ਰਿਪੋਰਟ ਹੋਏ ਹਨ ਅਤੇ ਇਨ੍ਹਾਂ ਕੇਸਾਂ ਦੀ ਗਿਣਤੀ ਹੋਰ ਨਾ ਵਧੇ ਅਤੇ ਮਰੀਜ਼ ਜਲਦੀ ਠੀਕ ਹੋਣ ਇਸ ਲਈ ਸਿਹਤ ਵਿਭਾਗ ਵੱਲੋਂ ਸਾਰੇ ਅਹਿਤਿਆਤੀ ਕਦਮ ਚੁੱਕੇ ਜਾਣ। ਉਨ੍ਹਾਂ ਕਿਹਾ ਕਿ ਸ਼ਹਿਰਾਂ ਦੇ ਜਿਨ੍ਹਾਂ ਖੇਤਰਾਂ ਵਿੱਚ ਡੇਂਗੂ ਦੇ ਕੇਸ ਆ ਰਹੇ ਹਨ ਓਥੇ ਵਿਸ਼ੇਸ਼ ਧਿਆਨ ਦੇਣ ਦੇ ਨਾਲ ਸਾਰੇ ਹੀ ਸ਼ਹਿਰਾਂ ਵਿੱਚ ਸਫ਼ਾਈ ਦਾ ਖਾਸ ਖਿਆਲ ਰੱਖਿਆ ਜਾਵੇ, ਫੌਗਿੰਗ ਅਤੇ ਸਪਰੇਅ ਦਾ ਛਿੜਕਾਅ ਰੈਗੂਲਰ ਕੀਤਾ ਜਾਵੇ। ਡੀਸੀ ਨੇ ਕਿਹਾ ਕਿ ਡੇਂਗੂ, ਮਲੇਰੀਆ, ਚਿਕਨਗੁਨੀਆ, ਡਾਇਰੀਆ ਆਦਿ ਦੀ ਜਾਣਕਾਰੀ ਜਾਂ ਆਪਣੇ ਇਲਾਕੇ ਵਿੱਚ ਫੌਗਿੰਗ, ਸਪਰੇਅ ਆਦਿ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਹੈਲਪ ਲਾਈਨ ਨੰਬਰ 104 ਉਪਰ ਸੰਪਰਕ ਕੀਤਾ ਜਾ ਸਕਦਾ ਹੈ।

ਠਾਕੁਰ ਦੁਆਰਾ ਮੰਦਰ ਵਿਖੇ ਜਨਮ ਅਸ਼ਟਮੀ ਦਾ ਤਿਓਹਾਰ ਮਨਾਇਆ

ਝਬਾਲ (ਹਰਜਿੰਦਰ ਸਿੰਘ ਸੋਨੀ)-ਬੀਤੇ ਦਿਨ ਪਿੰਡ ਝਬਾਲ ਕਲਾਂ ਵਿਖੇ ਸਥਿਤ ਠਾਕੁਰ ਦੁਆਰਾ ਮੰਦਰ ਵਿਖੇ ਜਨਮ ਅਸ਼ਟਮੀ ਦਾ ਤਿਓਹਾਰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਜਿਸ ਵਿੱਚ ਇਲਾਕਾ ਝਬਾਲ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਮੰਦਰ ਵਿੱਚ ਮੱਥਾ ਟੇਕਿਆ ਅਤੇ ਭਗਵਾਨ ਕ੍ਰਿਸ਼ਨ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਮੌਕੇ ਤਰ੍ਹਾਂ ਤਰ੍ਹਾਂ ਦੇ ਲੰਗਰ ਭੰਡਾਰੇ ਵਰਤਾਏ ਗਏ। ਇਸ ਮੌਕੇ ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ, ਚੇਅਰਮੈਨ ਰਮਨ ਕੁਮਾਰ ਸ਼ਰਮਾ , ਮਨਿੰਦਰਪਾਲ ਸਿੰਘ ਪਲਾਸੌਰ, ਸਰਪੰਚ ਨਰਿੰਦਰ ਕੁਮਾਰ ਪੱਪਾ, ਗੁਰਦਿਆਲ ਸਿੰਘ, ਬੰਟੀ ਵਸੀਕਾ, ਡਾ. ਰਮੇਸ਼ ਕੁਮਾਰ ਕੁੱਕੂ, ਲੱਖਪਤ ਸੂਦ, ਗੁਰਨਾਮ ਸਿੰਘ ਸੱਲੋ, ਤਾਰਾ ਚੰਦ, ਸਰਪੰਚ ਅਮਰਜੀਤ ਸਿੰਘ, ਸਰਪੰਚ ਨਰਿੰਦਰ ਕੁਮਾਰ, ਸਰਪੰਚ ਜਸਬੀਰ ਸਿੰਘ ਸਵਾਰਗਾਪੁਰੀ, ਕਾਮਰੇਡ ਅਸ਼ੋਕ ਕੁਮਾਰ ਸੋਹਲ, ਕਾਮਰੇਡ ਦਵਿੰਦਰ ਕੁਮਾਰ, ਅਮਰਜੀਤ ਕੁਮਾਰ ਸ਼ਰਮਾ, ਨਰੇਸ਼ ਕੁਮਾਰ , ਅਸ਼ੋਕ ਕੁਮਾਰ, ਬਾਊ ਦਰਸ਼ਨ ਲਾਲ ਝਬਾਲ, ਗੁਰਜੀਤ ਸਿੰਘ, ਸ਼ਰਮਾ ਬੂਟ ਹਾਊਸ, ਸੰਜੀਵ ਕੁਮਾਰ ਸੂਦ, ਨਿੱਪੀ, ਲੱਖਪੱਤ ਰਾਏ ਸੂਦ, ਪੂਰਨ ਝਬਾਲ, ਧੂਨੀ ਝਬਾਲ, ਹੀਰਾ ਸਿੰਘ, ਸੀਮਾ ਸੋਹਲ, ਮਾਝੀ ਝਬਾਲ, ਬਲਵਿੰਦਰ ਕੁਮਾਰ, ਪਾਲਾ ਚਾਹਵਾਲਾ, ਹਿਮਾਂਸ਼ੂ ਸੂਦ, ਅਸ਼ੋਕ ਕੁਮਾਰ ਅਤੇ ਵੱਡੀ ਗਿਣਤੀ ਵਿੱਚ ਝਬਾਲ ਵਾਸੀ ਹਾਜ਼ਰ ਸਨ।

ਸਕੂਲੀ ਵਿਦਿਆਰਥੀਆਂ ਨੂੰ ਫਸਟ-ਏਡ ਦੀ ਸਿਖਲਾਈ ਦਿੱਤੀ

ਗੁਰਦਾਸਪੁਰ, (ਜਨਕ ਮਹਾਜਨ)-ਡਾ. ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸਾਂ ਅਤੇ ਰਹਿਨੁਮਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਗਰਮੁੰਦੀਆਂ ਦੇ ਵਿਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਫਸਟ ਏਡ ਦੀ ਟਰੇਨਿੰਗ ਦਿੱਤੀ ਗਈ। ਇਹ ਟਰੇਨਿੰਗ ਜ਼ਿਲ੍ਹਾ ਰੈੱਡ ਕਰਾਸ, ਗੁਰਦਾਸਪੁਰ ਦੇ ਸਕੱਤਰ/ਜ਼ਿਲ੍ਹਾ ਟਰੇਨਿੰਗ ਅਫ਼ਸਰ ਰਾਜੀਵ ਸਿੰਘ ਵੱਲੋਂ ਕਰਵਾਈ ਗਈ। ਸਕੱਤਰ ਰਾਜੀਵ ਸਿੰਘ ਨੇ ਬੱਚਿਆਂ ਨੂੰ ਰੈੱਡ ਕਰਾਸ ਦੇ ਇਤਿਹਾਸ ਬਾਰੇ, ਫਸਟ ਏਡ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਜੇਕਰ ਸਾਨੂੰ ਸਹੀ ਤਰੀਕੇ ਦੇ ਨਾਲ ਫਸਟ ਏਡ ਦੀ ਜਾਣਕਾਰੀ ਹੋਵੇ ਤਾਂ ਅਸੀਂ ਕਿਸੇ ਵੀ ਤਰ੍ਹਾਂ ਦੀ ਦੁਰਘਟਨਾ ਵਿਚ ਜ਼ਖਮੀ ਹੋਏ ਵਿਅਕਤੀ ਦੀ ਮਦਦ ਕਰਕੇ ਉਸ ਦੀ ਜਾਨ ਬਚਾ ਸਕਦੇ ਹਾਂ। ਉਨ੍ਹਾਂ ਕਿਹਾ ਕਿ ਜ਼ਿਦਆਦਾਤਰ ਲੋਕ ਹਾਦਸਾ ਹੋਣ ਤੋਂ ਬਾਅਦ ਘਬਰਾ ਜਾਂਦੇ ਹਨ ਪਰ ਉਸ ਸਮੇਂ ਜੇਕਰ ਉਹ ਹਾਲਾਤ ਦਾ ਸਾਹਮਣਾ ਦਲੇਰੀ ਅਤੇ ਸੂਝਬੂਝ ਨਾਲ ਕਰਨ ਤਾਂ ਕਾਫੀ ਹੱਦ ਤੱਕ ਜ਼ਖਮੀ ਵਿਅਕਤੀ ਦੀ ਜਾਨ ਬਚਾਈ ਜਾ ਸਕਦੀ ਹੈ।

ਅਮਨ-ਕਾਨੂੰਨ ਦੀ ਸਥਿਤੀ ਬਹਾਲ ਰੱਖਣ ਲਈ ਪੁਲਸ ਨੇ ਫਲੈਗ ਮਾਰਚ ਕੱਢਿਆ

ਗੁਰਦਾਸਪੁਰ (ਜਨਕ ਮਹਾਜਨ)-ਜ਼ਿਲ੍ਹਾ ਪੁਲਸ ਨੇ ਇਲਾਕੇ ਅੰਦਰ ਅਮਨ-ਕਾਨੂੰਨ ਦੀ ਸਥਿਤੀ ਬਹਾਲ ਰੱਖਣ ਵਾਸਤੇ ਗੁਰਦਾਸਪੁਰ ਸ਼ਹਿਰ ਅੰਦਰ ਫਲੈਗ ਮਾਰਚ ਕੱਢਿਆ। ਜ਼ਿਲ੍ਹਾ ਗੁਰਦਾਸਪੁਰ ਪੁਲਸ ਦੇ ਸੀਨੀਅਰ ਅਫ਼ਸਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਲਾਕੇ ਅੰਦਰ ਅਮਨ-ਕਾਨੂੰਨ ਦੀ ਸਥਿਤੀ ਕਾਇਮ ਰੱਖਣ ਅਤੇ ਮਾੜੇ ਅਨਸਰਾਂ ਨੂੰ ਨੱਥ ਪਾਉਣ ਲਈ ਸਮੇਂ-ਸਮੇਂ 'ਤੇ ਬਿਹਤਰ ਕਾਰਜ ਕੀਤੇ ਜਾ ਰਹੇ ਹਨ। ਸਮੂਹ ਪੁਲਸ ਮੁਲਾਜ਼ਮਾਂ ਨੇ ਫਲੈਗ ਮਾਰਚ ਰਾਹੀਂ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਪੁਲਸ ਹਰ ਵਰਗ ਦੇ ਲੋਕਾਂ ਦੀ ਸਹਾਇਤਾ ਲਈ ਹੈ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਦਿਨਾਂ 'ਚ ਤਿਉਹਾਰਾਂ ਦੌਰਾਨ ਨਸ਼ੇ ਦੇ ਸੌਦਾਗਰਾਂ ਨੂੰ ਨੱਥ ਪਾਉਣ ਅਤੇ ਭੈੜੇ ਅਨਸਰਾਂ ਨੂੰ ਕਾਬੂ ਕਰਨ ਲਈ ਪੁਲਸ ਪ੍ਰਸ਼ਾਸਨ ਵਲੋਂ ਫਲੈਗ ਮਾਰਚ ਕੱਢਿਆ ਗਿਆ ਹੈ। ਉਨ੍ਹਾਂ ਕਿਹਾ ਕਿਸੇ ਵੀ ਮਾੜੇ ਅਨਸਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਇਸ ਮੌਕੇ ਵੱਡੀ ਗਿਣਤੀ ਵਿਚ ਪੁਲਸ ਮੁਲਾਜ਼ਮ ਹਾਜ਼ਰ ਸਨ।

ਚੋਰਾਂ ਦੇ ਹੌਸਲੇ ਬੁਲੰਦ, ਦਿਨ-ਦਿਹਾੜੇ ਘਰ ਅੱਗਿਓਂ ਮੋਟਰਸਾਈਕਲ ਲੈ ਕੇ ਫਰਾਰ

ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਪਿੰਡ ਖਾਸਾਂਵਾਲਾ ਵਿਖੇ ਚੋਰ ਦਿਨ-ਦਿਹਾੜੇ ਇੱਕ ਘਰ ਦੇ ਗੇਟ ਅੱਗੇ ਲੱਗਿਆ ਮੋਟਰਸਾਈਕਲ ਲੈ ਕੇ ਫਰਾਰ ਹੋ ਗਏ। ਇਸ ਸਬੰਧੀ ਪੱਤਰਕਾਰਾਂ ਨੂੰ ਵਧੇਰੇ ਜਾਣਕਾਰੀ ਦਿੰਦਿਆਂ ਹੋਇਆਂ ਮੋਟਰਸਾਈਕਲ ਦੇ ਮਾਲਕ ਬਰਜਿੰਦਰ ਸਿੰਘ ਪੁੱਤਰ ਬਚਨ ਸਿੰਘ ਪਿੰਡ ਖਾਸਾਂਵਾਲਾ ਨੇ ਦੱਸਿਆ ਕਿ ਉਸਨੇ ਰੋਜ਼ਾਨਾ ਦੀ ਤਰ੍ਹਾਂ ਆਪਣਾ ਹੀਰੋਹਾਂਡਾ ਸਪਲੈਂਡਰ ਮੋਟਰਸਾਈਕਲ ਨੰਬਰ ਪੀਬੀ 058 ਜੇ 0552 ਜਿਸ ਦਾ ਰੰਗ ਕਾਲਾ ਸੀ, ਘਰ ਦੇ ਗੇਟ ਅੱਗੇ ਖੜ੍ਹਾ ਕਰ ਦਿੱਤਾ। ਜਦ 10-15 ਮਿੰਟ ਬਾਅਦ ਬਾਹਰ ਆਇਆ ਤਾਂ ਦੇਖਿਆ ਕਿ ਉਸ ਦਾ ਮੋਟਰਸਾਈਕਲ ਉਕਤ ਜਗ੍ਹਾ ਤੋਂ ਗਾਇਬ ਸੀ। ਕਾਫੀ ਭਾਲ ਕੀਤੀ ਪਰ ਅਜੇ ਤੱਕ ਸਾਨੂੰ ਮੋਟਰਸਾਈਕਲ ਦਾ ਕੋਈ ਪਤਾ ਨਹੀਂ ਚੱਲ ਸਕਿਆ। ਉਨ੍ਹਾਂ ਕਿਹਾ ਕਿ ਅਸੀਂ ਇਸ ਸਬੰਧੀ ਪੁਲਸ ਥਾਣਾ ਡੇਰਾ ਬਾਬਾ ਨਾਨਕ ਨੂੰ ਵੀ ਲਿਖਤੀ ਤੌ

10-SEP-PAGE-4.qxd 9/9/2023 9:13 PM Page 1

ਮਾਮਲਾ ਇੱਕ ਫਿਲਮ 'ਚ ਸੈਣ ਸਮਾਜ ਦੀਆਂ ਔਰਤਾਂ 'ਤੇ ਟਿੱਪਣੀ ਦਾ

ਪੰਜਾਬ ਫਿਲਮ ਐਂਡ ਟੀ ਵੀ ਐਕਟਰਜ਼ ਐਸੋਸੀਏਸ਼ਨ ਨੇ ਸੈਣ ਸਮਾਜ ਤੋਂ ਮੰਗੀ ਮਾਫੀ

ਮੋਗਾ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਅਦਾਕਾਰ ਮਲਕੀਤ ਰੌਣੀ ਤੇ ਸੈਣ ਸਮਾਜ ਮਹਾਂਸਭਾ ਪੰਜਾਬ ਦੇ ਪ੍ਰਧਾਨ ਪ੍ਰਤਾਪ ਸਿੰਘ ਫਿਰੋਜ਼ਪੁਰੀਆ ਤੇ ਅਹੁਦੇਦਾਰ।

ਮੋਗਾ (ਅਮਰਜੀਤ ਬੱਬਰੀ)-ਮਈ ਵਿੱਚ ਸਿਨਮਾ ਘਰਾਂ 'ਚ ਰਿਲੀਜ਼ ਹੋਈ ਪੰਜਾਬੀ ਫਿਲਮ ਗੋਡੇ ਗੋਡੇ ਚਾਅ 'ਚ ਸੈਣ ਸਮਾਜ ਧਰਮ ਦੀਆਂ ਔਰਤਾਂ ਪ੍ਰਤੀ ਕੀਤੀ ਗਈ ਟਿੱਪਣੀ 'ਤੇ ਸੈਣ ਸਮਾਜ ਮਹਾਂਸਭਾ ਵੱਲੋਂ ਕਾਫੀ ਇਤਰਾਜ਼ ਜਤਾਇਆ ਜਾ ਰਿਹਾ ਸੀ। ਪਿਛਲੇ ਦਿਨੀਂ ਮੋਗਾ-ਲੁਧਿਆਣਾ ਰੋਡ 'ਤੇ ਸੈਣ ਸਮਾਜ ਦੇ ਆਗੂਆਂ ਨੇ ਜਾਮ ਦੌਰਾਨ ਫਿਲਮ 'ਚ ਭੂਮਿਕਾ ਨਿਭਾਅ ਰਹੇ ਅਦਾਕਾਰਾਂ ਤੇ ਫਿਲਮ ਡਾਇਰੈਕਟਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਸੀ।

ਬੀਤੇ ਸ਼ੁੱਕਰਵਾਰ ਨੂੰ ਪੰਜਾਬ ਫਿਲਮ ਐਂਡ ਟੀ ਵੀ ਐਕਟਰਜ਼ ਐਸੋਸੀਏਸ਼ਨ ਪਫਟਾ ਦੇ ਜਨਰਲ ਸੈਕਟਰੀ ਅਦਾਕਾਰ ਮਲਕੀਤ ਰੌਣੀ ਵੱਲੋਂ ਸੈਣ ਸਮਾਜ ਮਹਾਂਸਭਾ ਦੇ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਫਿਰੋਜ਼ਪੁਰੀਆ ਤੇ ਹੋਰ ਅਹੁਦੇਦਾਰਾਂ ਨਾਲ ਮੀਟਿੰਗ ਕਰਨ 'ਤੇ ਸਮੁੱਚੀ ਫਿਲਮ ਟੀਮ ਨੇ ਮਾਫੀ ਮੰਗਦਿਆਂ ਕਿਹਾ ਕਿ ਸਾਡਾ ਕਿਸੇ ਵੀ ਧਰਮ ਜਾਂ ਸਮਾਜ ਨੂੰ ਕੋਈ ਠੇਸ ਪਹੁੰਚਾਉਣ ਦਾ ਮਕਸਦ ਨਹੀਂ ਸੀ। ਉਨ੍ਹਾਂ ਕਿਹਾ ਕਿ ਇਹ ਗਲਤੀ ਕੋਈ ਜਾਣਬੁੱਝ ਕੇ ਨਹੀਂ ਕੀਤੀ ਗਈ ਸੀ, ਅਸੀਂ ਸਾਰੇ ਹੀ ਧਰਮਾਂ ਦਾ ਸਤਿਕਾਰ ਕਰਦੇ ਹਾਂ। ਉਨ੍ਹਾਂ ਕਿਹਾ ਕਿ ਸਮੁੱਚੀ ਐਸੋਸੀਏਸ਼ਨ ਤੇ ਫਿਲਮ ਅਦਾਕਾਰ ਅਤੇ ਡਾਇਰੈਕਟਰ ਇਸ ਅਣਜਾਣੇ ਵਿੱਚ ਹੋਈ ਗਲਤੀ ਦੀ ਮਾਫੀ ਮੰਗਦੇ ਹਾਂ। ਇਸ ਮੌਕੇ ਸੈਣ ਸਮਾਜ ਮਹਾਂਸਭਾ ਦੇ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਫਿਰੋਜ਼ਪੁਰੀਆ ਨੇ ਕਿਹਾ ਕਿ ਸਾਡੇ ਸਮਾਜ ਨੂੰ ਪਿਛਲੇ ਕਾਫੀ ਸਮੇਂ ਤੋਂ ਅਦਾਕਾਰਾਂ ਤੇ ਗਾਇਕਾਂ ਵੱਲੋਂ ਨੀਵਾਂ ਦਖਾਇਆ ਜਾ ਰਿਹਾ ਸੀ, ਫਿਲਮ ਵਿੱਚ ਵੀ ਸਾਡੀਆਂ ਔਰਤਾਂ ਖਿਲਾਫ ਟਿੱਪਣੀ ਕੀਤੀ ਗਈ ਸੀ, ਜਿਸ 'ਤੇ ਸਾਨੂੰ ਇਤਰਾਜ਼ ਸੀ। ਉਨ੍ਹਾਂ ਕਿਹਾ ਕਿ ਜੋ ਗਲਤੀ ਕਰਨ ਵਾਲਾ ਗਲਤੀ ਨੂੰ ਮਹਿਸੂਸ ਕਰੇ, ਉਸ ਨੂੰ ਮਾਫ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਐਸੋਸੀਏਸ਼ਨ ਦੇ ਜਨਰਲ ਸੈਕਟਰੀ ਮਲਕੀਤ ਰੌਣੀ ਨੂੰ ਕਿਹਾ ਕਿ ਉਹ ਅੱਗੇ ਤੋਂ ਖਿਆਲ ਰੱਖਣ ਕਿ ਕਿਸੇ ਧਰਮ ਖਿਲਾਫ ਫਿਲਮ ਵਿੱਚ ਕੋਈ ਇਤਰਾਜ਼ਯੋਗ ਟਿੱਪਣੀ ਨਾ ਕਰਨ। ਇਸ ਮੌਕੇ ਸੈਣ ਸਮਾਜ ਦੇ ਵਾਇਸ ਪ੍ਰਧਾਨ ਚਰਨਜੀਤ ਸਿੰਘ ਗਿੱਲ, ਪ੍ਰਧਾਨ ਕਾਲੂ ਰਾਮ ਮੋਗਾ, ਪਵਨ ਕੁਮਾਰ, ਭੋਲਾ ਸਿੰਘ ਰਾਜੇਆਣਾ, ਰਜਿੰਦਰਪਾਲ ਸਿੰਘ ਰਾਜਗੜ੍ਹ ਲੁਧਿਆਣਾ, ਬਹਾਦਰ ਸਿੰਘ ਲੁਧਿਆਣਾ, ਗੁਰਦੀਪ ਸਿੰਘ ਸੰਗਰੂਰ, ਰਾਮ ਸਿੰਘ ਮਲੋਟ, ਸਮਸ਼ੇਰ ਸਿੰਘ ਫਰੀਦਕੋਟ, ਭਾਰਤ ਭੂਸ਼ਨ ਰਾਮਪੁਰਾ ਫੂਲ, ਵੀਰਪਾਲ ਸਿੰਘ ਦਿੜ੍ਹਬਾ, ਜਗਸੀਰ ਸਿੰਘ, ਰਾਧੇ ਸ਼ਾਮ ਅਬੋਹਰ, ਰਿੰਕੂ ਸਮਾਲਪੁਰ, ਅਵਤਾਰ ਸਿੰਘ ਤਰਨਤਾਰਨ ਆਦਿ ਹਾਜ਼ਰ ਸਨ।

ਮਾਤਾ ਗੁਜਰੀ ਸਕੂਲ ਦੇ ਵਿਦਿਆਰਥੀਆਂ ਕਿੱਕ ਬਾਕਸਿੰਗ 'ਚ ਜਿੱਤੇ ਤਮਗ਼ੇ

ਦੇਵੀਗੜ੍ਹ (ਵਿਜੇ ਕੁਮਾਰ ਸ਼ਰਮਾ)-ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ 67ਵੀਂ ਗਰਮ ਰੁੱਤ ਜ਼ੋਨਲ ਸਕੂਲ ਪੱਧਰੀ ਕਿੱਕ ਬਾਕਸਿੰਗ ਖੇਡਾਂ ਕਰਵਾਈਆਂ ਗਈਆਂ, ਜਿਸ ਵਿੱਚ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ, ਦੇਵੀਗੜ੍ਹ ਦੇ ਨਾਲ ਨਾਲ ਭੁੰਨਰਹੇੜੀ ਜ਼ੋਨ ਦੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਨੇ ਭਾਗ ਲਿਆ। ਮਾਤਾ ਗੁਜਰੀ ਸਕੂਲ ਦੇ ਵਿਦਿਆਰਥੀਆਂ ਨੇ ਅੰਡਰ-14 ਕਿੱਕ ਬਾਕਸਿੰਗ (ਲੜਕੀਆਂ) ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵਿਦਿਆਰਥਣ ਨਿਮਰਤ ਕੌਰ ਨੇ ਪਹਿਲਾ ਤੇ ਹਰਸਿਮਰਤ ਕੌਰ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਅੰਡਰ-14 ਕਿੱਕ ਬਾਕਸਿੰਗ (ਲੜਕਿਆਂ) ਵਿੱਚ ਅੰਮ੍ਰਿਤਪਾਲ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ-17 ਕਿੱਕ ਬਾਕਸਿੰਗ (ਲੜਕਿਆਂ) ਵਿੱਚ ਸ਼ਾਨਵੀਰ ਸਿੰਘ ਨੇ ਪਹਿਲਾ, ਗੁਰਨੂਰ ਸਿੰਘ, ਸਾਹਿਲਦੀਪ ਸਿੰਘ, ਰੋਹਿਤ ਖਾਨ ਤੇ ਖੁਸ਼ਪ੍ਰੀਤ ਸਿੰਘ ਆਦਿ ਨੇ ਦੂਸਰਾ ਅਤੇ ਕਰਨਗੀਰ ਤੇ ਕਰਨਸ਼ੇਰ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਤੇ ਆਪਣੇ ਮਾਤਾ-ਪਿਤਾ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਸਕੂਲ ਡਾਇਰੈਕਟਰ ਸ੍ਰ. ਭੁਪਿੰਦਰ ਸਿੰਘ, ਸਕੂਲ ਪ੍ਰੈਜ਼ੀਡੈਂਟ ਮੈਡਮ ਰਵਿੰਦਰ ਕੌਰ, ਪ੍ਰਿੰਸੀਪਲ ਮੈਡਮ ਤਰਨਦੀਪ ਕੌਰ ਤੇ ਅਕਾਦਮਿਕ ਡਾਇਰੈਕਟਰ ਤੇਜਿੰਦਰ ਕੌਰ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਕੋਚ ਹਰਦੀਪ ਕੁਮਾਰ ਨੂੰ ਇਸ ਉਪਲੱਬਧੀ ਲਈ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਣ ਵਾਲੀਆਂ ਜ਼ਿਲ੍ਹਾ ਪੱਧਰੀ ਪ੍ਰਤੀਯੋਗਤਾਵਾਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਰੇਲ ਰੋਕੋ ਮੋਰਚੇ ਦੀ ਤਿਆਰੀਆਂ ਸੰਬੰਧੀ ਮੀਟਿੰਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਤੇ ਸੂਬਾ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਦੀ ਅਗਵਾਈ ਵਿੱਚ ਸੂਬਾ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿੱਚ ਉੱਤਰ ਭਾਰਤ ਦੇ 6 ਰਾਜਾਂ ਦੀਆਂ 16 ਜਥੇਬੰਦੀਆਂ ਵੱਲੋਂ ਕੀਤੇ ਐਲਾਨ ਦੇ ਚੱਲਦੇ ਉੱਤਰ ਭਾਰਤ ਦੇ ਹੜ੍ਹ ਪੀੜਤ ਰਾਜਾਂ ਲਈ 50 ਹਜ਼ਾਰ ਕਰੋੜ ਦੀ ਰਾਹਤ ਰਾਸ਼ੀ ਤੋਂ ਇਲਾਵਾ ਐੱਮ ਐੱਸ ਪੀ ਗਰੰਟੀ ਕਨੂੰਨ ਬਣਾਉਣ, ਮਨਰੇਗਾ ਤਹਿਤ ਹਰ ਸਾਲ 200 ਦਿਨ ਦਾ ਰੁਜ਼ਗਾਰ ਤੇ ਦਿੱਲੀ ਮੋਰਚੇ ਦੌਰਾਨ ਬਣੇ ਪੁਲਸ ਕੇਸ ਰੱਦ ਕਰਨ, ਕਿਸਾਨਾਂ ਮਜ਼ਦੂਰਾਂ ਦੇ ਪੂਰਨ ਕਰਜ਼ੇ ਮੁਆਫ ਤੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਵਾਉਣ ਦੀਆਂ ਮੰਗਾਂ ਨੂੰ ਲੈ ਕੇ 28 ਸਤੰਬਰ ਤੋਂ 3 ਦਿਨ ਦਾ ਰੇਲ ਰੋਕੋ ਮੋਰਚੇ ਦੀ ਤਿਆਰੀ ਪ੍ਰੋਗਰਾਮ ਬਣਾਏ ਗਏ।ਆਗੂਆਂ ਨੇ ਦੱਸਿਆ ਕਿ ਭਾਰਤ ਪੱਧਰੀ ਰੇਲ ਰੋਕੋ ਦੇ ਪਹਿਲੇ ਪੜਾਅ ਦੀ ਸ਼ੁਰੂਆਤ ਪੰਜਾਬ ਵਿੱਚ ਰੇਲ ਰੋਕੋ ਮੋਰਚਾ ਸ਼ੁਰੂ ਕਰਕੇ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਜੇਕਰ ਰੇਲਾਂ ਜਾਮ ਹੋਣ ਨਾਲ ਲੋਕਾਂ ਨੂੰ ਪ੍ਰੇਸ਼ਾਨੀ ਹੁੰਦੀ ਹੈ ਤਾਂ ਇਸ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੋਵੇਗੀ।ਸਰਕਾਰ ਸਮਾਂ ਰਹਿੰਦੇ ਇਨ੍ਹਾਂ ਮਸਲਿਆਂ ਦਾ ਹੱਲ ਕਰੇ। ਉਨ੍ਹਾਂ ਕਿਹਾ ਕਿ ਅੱਜ ਜੀ-20 ਸੰਮੇਲਨ ਦੇ ਵਿਰੋਧ ਵਿੱਚ ਪੂਰੇ ਪੰਜਾਬ ਭਰ ਵਿੱਚ ਸੈਂਕੜੇ ਜਗ੍ਹਾ ਅਰਥੀ ਵਿਰੋਧ ਪ੍ਰਦਰਸ਼ਨ ਕੀਤੇ ਗਏ। ਉਨ੍ਹਾਂ ਕਿਹਾ ਕਿ ਕੁੱਲ ਦੁਨੀਆ ਦਾ 80 ਗੁਣਾਂ ਉਤਪਾਦ, 75 ਗੁਣਾਂ ਵਪਾਰ ਤੇ 65 ਗੁਣਾਂ ਜ਼ਮੀਨ ਦੀ ਹਿੱਸੇਦਾਰੀ ਵਾਲੇ ਦੇਸ਼ਾਂ ਦੇ ਗਰੁੱਪ ਵੱਲੋਂ ਗਲੋਬਲਾਈਜ਼ੇਸ਼ਨ ਤੇ ਇੰਡਸਟਰੀਲਾਈਜ਼ੇਸ਼ਨ ਦੇ ਵਿਕਾਸ ਦੇ ਨਾਮ 'ਤੇ ਵੱਖ ਵੱਖ ਦੇਸ਼ਾਂ ਵਿਚਲੇ ਸਟੇਟਾਂ ਤੇ ਆਮ ਲੋਕਾਂ ਦੇ ਹੱਕਾਂ ਦਾ ਘਾਣ ਕਰਨ ਅਤੇ ਚੰਦ ਕਾਰਪੋਰੇਟ ਘਰਾਣਿਆਂ ਦੇ ਹੱਥ ਵਿੱਚ ਸਭ ਕੁਝ ਦੇਣ ਲਈ ਨੀਤੀਆਂ ਬਣਾਈਆਂ ਰਹੀਆਂ ਹਨ, ਜੋ ਕਿ ਬਿਲਕੁਲ ਗੈਰ-ਇਖ਼ਲਾਕੀ ਹੈ, ਜਿਸ ਦਾ ਜਥੇਬੰਦੀਆਂ ਪੁਰਜ਼ੋਰ ਵਿਰੋਧ ਕਰਦੀਆਂ ਹਨ।ਇਸ ਮੌਕੇ ਸੂਬਾ ਕੋਰ ਕਮੇਟੀ ਸਮੇਤ ਵੱਖ ਵੱਖ ਜ਼ਿਲ੍ਹਿਆਂ ਤੋਂ ਆਗੂ ਹਾਜ਼ਰ ਹੋਏ।

ਕਾਤਰਾਂ

ਪੰਚਾਇਤ ਸਕੱਤਰ ਯੂਨੀਅਨ ਦੀ ਅਹਿਮ ਮੀਟਿੰਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਪੰਚਾਇਤ ਸਕੱਤਰ ਯੂਨੀਅਨ ਫ਼ਿਰੋਜ਼ਪੁਰ ਦੀ ਅਹਿਮ ਮੀਟਿੰਗ ਪੰਜਾਬ ਪ੍ਰਧਾਨ ਸਾਂਝੀ ਪੰਚਾਇਤ ਸਕੱਤਰ ਯੂਨੀਅਨ ਜਸਵਿੰਦਰ ਸਿੰਘ ਭੱਟੀ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰੀਸ਼ਦ ਦਫ਼ਤਰ ਫਿਰੋਜ਼ਪੁਰ ਵਿਖੇ ਹੋਈ।ਮੀਟਿੰਗ ਵਿੱਚ ਸਮੂਹ ਪੰਚਾਇਤ ਸਕੱਤਰਾਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।ਇਸ ਮੌਕੇ ਯੂਨੀਅਨ ਆਗੂਆਂ ਨੇ ਪੰਚਾਇਤ ਸਕੱਤਰਾਂ ਤੇ ਗ੍ਰਾਮ ਸੇਵਕਾਂ ਦੀ ਇਕ ਕੇਡਰ ਵਾਲੀ ਫਾਈਲ 'ਤੇ ਚਰਚਾ ਕੀਤੀ ਗਈ।ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਗ੍ਰਾਮ ਸੇਵਕ ਤੇ ਪੰਚਾਇਤ ਸਕੱਤਰ ਦਾ ਕੰਮ ਇਕ ਹੈ, ਪਰ ਗ੍ਰਾਮ ਸੇਵਕ ਖ਼ਜ਼ਾਨੇ ਵਿੱਚ ਤਨਖਾਹ ਲੈਂਦਾ ਹੈ ਤੇ ਪੰਚਾਇਤ ਸਕੱਤਰ ਸੰਮਤੀ ਵਿੱਚੋਂ ਤਨਖਾਹ ਲੈਂਦੇ ਹਨ, ਇਸ ਲਈ ਪੰਚਾਇਤ ਸਕੱਤਰਾਂ ਤੇ ਗ੍ਰਾਮ ਸੇਵਕਾਂ ਦਾ ਇੱਕ ਕੇਡਰ ਕੀਤਾ ਜਾਵੇ ਤੇ ਵਿਭਾਗ ਵਿੱਚ ਆਉਂਦੀਆਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਦੌਰਾਨ ਵਿੱਛੜੇ ਪਰਬਸਿੰਦਰ ਸਿੰਘ ਪੰਚਾਇਤ ਸਕੱਤਰ ਨੂੰ 2 ਮਿੰਟ ਦਾ ਮੌਨ ਧਾਰਨ ਰੱਖੇ ਕੇ ਸ਼ਰਧਾਂਜਲੀ ਦਿੱਤੀ ਗਈ।

ਸਰਵਦੀਪ ਸਿੰਘ ਨਮਿੱਤ ਅੰਤਿਮ ਅਰਦਾਸ ਅੱਜ

ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸੌਕੀ ਸ਼ਰਮਾ)-ਆਈ ਏ ਵਿਸ਼ਾਲਦੀਪ ਸਿੰਘ ਨੂੰ ਉਸ ਸਮੇਂ ਭਾਰੀ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਪਿਤਾ ਸਵ. ਸਰਵਦੀਪ ਸਿੰਘ ਦਾ ਬੀਤੀ 1 ਸਤੰਬਰ 2023 ਨੂੰ ਦੇਹਾਂਤ ਹੋ ਗਿਆ। ਉਨ੍ਹਾ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਤੇ ਅੰਤਿਮ ਅਰਦਾਸ 10 ਸਤੰਬਰ ਨੂੰ ਗੁਰਦੁਆਰਾ ਸਾਹਿਬ ਪਿੰਡ ਟੋਡਰਪੁਰ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਵਿਖੇ 12 ਤੋਂ 2 ਵਜੇ ਤੱਕ ਪਾਇਆ ਜਾਵੇਗਾ। ਇਸ ਮੌਕੇ ਪੰਜਾਬ ਪੁਲਸ ਦੇ ਉੱਚ ਅਧਿਕਾਰੀਆਂ ਤੋਂ ਇਲਾਵਾ, ਸਿਆਸੀ ਤੇ ਗੈਰ-ਸਿਆਸੀ ਲੀਡਰਾਂ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।

ਕਾਰ ਚਾਲਕ ਲੋਕ ਸੇਵਾ ਸੁਸਾਇਟੀ ਦੀ ਮੀਟਿੰਗ

ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)-ਦੀ ਖਿਦਰਾਣਾ ਪ੍ਰਾਈਵੇਟ ਕਾਰ ਚਾਲਕ ਲੋਕ ਸੇਵਾ ਸੁਸਾਇਟੀ ਦੀ ਮੀਟਿੰਗ ਗੁਰੂ ਗੋਬਿੰਦ ਸਿੰਘ ਪਾਰਕ ਵਿਖੇ ਪ੍ਰਧਾਨ ਗੁਰਪਾਲ ਸਿੰਘ ਧਾਲੀਵਾਲ ਖੂਨਣ ਕਲਾਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਡਰਾਈਵਰ ਵੀਰਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ 'ਤੇ ਖੁੱਲ੍ਹ ਕੇ ਵਿਚਾਰਾਂ ਕੀਤੀਆਂ ਗਈਆਂ ਅਤੇ ਥੋੜ੍ਹੇ ਦਿਨ ਪਹਿਲਾਂ ਹੋਈ ਹੰਗਾਮੀ ਮੀਟਿੰਗ ਵਿੱਚ, ਜੋ ਵਿਚਾਰ ਵਟਾਂਦਰਾ ਹੋਇਆ ਸੀ, ਉਸ ਨੂੰ ਵੀ ਵਿਚਾਰਿਆ ਗਿਆ ਤੇ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਸੜਕੀ ਨਿਯਮਾਂ ਦੀ ਉਲੰਘਣਾ ਨਾ ਕਰਨ ਲਈ ਸਾਰੇ ਡਰਾਈਵਰਾਂ ਨੂੰ ਤਾਕੀਦ ਕੀਤੀ ਗਈ। ਇਸ ਬਾਬਤ ਜਥੇਬੰਦੀ ਦੇ ਚੇਅਰਮੈਨ ਜਸਵੀਰ ਸ਼ਰਮਾ ਦੱਦਾਹੂਰ ਨੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ ਤੇ ਸੜਕੀ ਨਿਯਮਾਂ ਨੂੰ ਅਪਣਾਉਣ 'ਤੇ ਜ਼ੋਰ ਦਿੱਤਾ। ਮੀਟਿੰਗ ਵਿੱਚ ਚੇਅਰਮੈਨ ਜਸਵੀਰ ਸ਼ਰਮਾ ਦੱਦਾਹੂਰ, ਪ੍ਰਧਾਨ ਗੁਰਪਾਲ ਸਿੰਘ ਧਾਲੀਵਾਲ ਖੂਨਣ ਕਲਾਂ, ਸੀ ਆਈ ਡੀ ਜਸਵਿੰਦਰ ਰਾਜੂ, ਕੈਸ਼ੀਅਰ ਜਗਜੀਤ ਸਿੰਘ ਬਿੱਟੂ, ਗੁਰਦਿਆਲ ਸਿੰਘ ਰਾਜੂ, ਕਾਲਾ ਸਿੰਘ, ਪੱਪੂ ਭਾਗਸਰ, ਰਾਜਵੀਰ, ਰੌਸ਼ਨ ਲਾਲ, ਗੁਰਮੀਤ ਸਿੰਘ ਤੇ ਹੋਰ ਸਾਥੀ ਹਾਜ਼ਰ ਸਨ, ਜਿਨ੍ਹਾਂ ਨੇ ਜਥੇਬੰਦੀ ਦੀ ਕਾਰਗੁਜ਼ਾਰੀ 'ਤੇ ਵਿਸ਼ਵਾਸ ਪ੍ਰਗਟ ਕੀਤਾ।

ਲੁੱਟ-ਖੋਹ ਦੀ ਯੋਜਨਾ ਬਣਾ ਰਹੇ ਪੰਜ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਹਥਿਆਰਾਂ ਨਾਲ ਲੈਸ ਹੋ ਕੇ ਲੁੱਟ-ਖੋਹ ਦੀ ਯੋਜਨਾ ਬਣਾ ਰਹੇ ਪੰਜ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਫ਼ਤਹਿਗੜ੍ਹ ਸਾਹਿਬ ਦੇ ਸਹਾਇਕ ਥਾਣੇਦਾਰ ਰਣਜੀਤ ਸਿੰਘ ਨੂੰ ਮੁਖਬਰੀ ਮਿਲੀ ਸੀ ਕਿ ਹਥਿਆਰਾਂ ਨਾਲ ਲੈਸ ਹੋ ਕੇ ਸਤਵਿੰਦਰ ਕੁਮਾਰ ਉਰਫ ਸੰਨੀ, ਰਵਿੰਦਰਪਾਲ ਸਿੰਘ ਉਰਫ ਰਵੀ, ਮੰਗਤ ਚੋਪੜਾ, ਅਮਨਪ੍ਰੀਤ ਸਿੰਘ ਅਮਨ ਵਾਸੀਆਨ ਸਰਹਿੰਦ ਤੇ ਰਾਜਵੀਰ ਸਿੰਘ ਉਰਫ ਸੋਨੂੰ ਵਾਸੀ ਮੋਗਾ ਪਿੰਡ ਡੇਰਾ ਮੀਰ ਮੀਰਾਂ ਨਜ਼ਦੀਕ ਫ਼ਤਹਿਗੜ੍ਹ ਸਾਹਿਬ ਵਿਖੇ ਰਾਤ ਨੂੰ ਕਿਸੇ ਲੁੱਟ-ਖੋਹ ਦੀ ਵੱਡੀ ਘਟਨਾ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਹਨ। ਉਪਰੰਤ ਸਹਾਇਕ ਥਾਣੇਦਾਰ ਰਣਜੀਤ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਨੇ ਛਾਪੇਮਾਰੀ ਕਰਦਿਆਂ ਸਤਵਿੰਦਰ ਕੁਮਾਰ ਉਰਫ ਸਨੀ, ਰਵਿੰਦਰਪਾਲ ਉਰਫ ਰਵੀ, ਮੰਗਤ ਚੋਪੜਾ, ਅਮਨਪ੍ਰੀਤ ਸਿੰਘ ਅਮਨ ਤੇ ਰਾਜਵੀਰ ਸਿੰਘ ਉਰਫ ਸੋਨੂੰ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਮਾਨੂੰਕੇ ਵੱਲੋਂ ਸੜਕਾਂ ਮਨਜ਼ੂਰ ਕਰਵਾਉਣ 'ਤੇ ਲੋਕ ਹੋਏ ਬਾਗੋ-ਬਾਗ਼

■ ਲੱਖਾ ਦੇ ਚੌਕ 'ਚ ਇਕੱਠ ਕਰਕੇ ਲੋਕਾਂ ਕੀਤਾ ਮਾਨੂੰਕੇ ਦਾ ਧੰਨਵਾਦ

ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)-ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਨੂੰਕੇ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਬੁਰੀ ਤਰ੍ਹਾਂ ਨਾਲ ਟੁੱਟ ਚੁੱਕੀ ਪਿੰਡ ਲੱਖਾ ਤੋਂ ਬੁਰਜ ਕੁਲਾਰਾ ਵਾਇਆ ਹਠੂਰ 5.68 ਕਿਲੋ ਮੀਟਰ ਸੜਕ ਨੂੰ ਮੰਨਜ਼ੂਰ ਕਰਵਾਉਣ ਤੇ ਸੜਕ ਲਈ 3 ਕਰੋੜ 29 ਲੱਖ 70 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕਰਵਾਉਣ 'ਤੇ ਹਲਕੇ ਦੇ ਲੋ

10-SEP-PAGE-5.qxd 9/9/2023 9:12 PM Page 1

ਕਿਸਾਨ ਜਥੇਬੰਦੀਆਂ ਨੇ ਜੀ-20 ਸੰਮੇਲਨ ਦੇ ਵਿਰੋਧ 'ਚ ਪੁਤਲੇ ਫੂਕੇ

ਧਰਮਕੋਟ (ਗੁਰਦੀਪ ਸਿੰਘ ਭੁੱਲਰ)

ਭਾਰਤ ਦੀਆਂ ਤਾਲਮੇਲ 16 ਕਿਸਾਨ ਜਥੇਬੰਦੀਆਂ ਦੇ ਲਏ ਗਏ ਫੈਸਲੇ ਅਨੁਸਾਰ ਭਾਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਬਲਵੰਤ ਸਿੰਘ ਬਹਿਰਾਮਕੇ ਦੀ ਸਮੁੱਚੀ ਜਥੇਬੰਦੀ ਵੱਲੋਂ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਦੇ ਸੈਂਕੜੇ ਪਿੰਡਾਂ ਵਿੱਚ ਦਿੱਲੀ ਵਿਖੇ ਹੋ ਰਹੇ ਜੀ-20 ਸੰਮੇਲਨ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਵਜੋਂ ਨਾਅਰੇਬਾਜ਼ੀ ਕਰਦੇ ਹੋਏ ਮੋਦੀ ਸਰਕਾਰ ਤੇ ਜੀ-20 ਦੇਸ਼ਾਂ ਦੇ ਪੁਤਲੇ ਫੂਕੇ ਗਏ। ਇਸ ਮੌਕੇ ਆਗੂਆਂ ਨੇ ਦੱਸਿਆ ਕਿ ਇਹ ਸੰਮੇਲਨ ਦੇਸ਼ ਦੇ ਕੁਦਰਤੀ ਸੋਮਿਆਂ ਜਿਵੇਂ ਪਾਣੀ, ਕੋਲਾ, ਖਣਿਜ ਪਦਾਰਥ, ਖੇਤੀ, ਬਿਜਲੀ, ਸਿੱਖਿਆ, ਸਿਹਤ ਸਹੂਲਤਾਂ ਤੇ ਛੋਟੇ ਕਾਰੋਬਾਰਾਂ ਉੱਪਰ ਵੱਡੇ ਕਾਰਪੋਰੇਟਾਂ ਦਾ ਕਬਜ਼ਾ ਕਰਵਾਉਣ ਲਈ ਕੀਤਾ ਜਾ ਰਿਹਾ ਹੈ, ਜੋ ਕਿ 16 ਕਿਸਾਨ ਜਥੇਬੰਦੀਆਂ ਦਿੱਤੇ ਅਗਲੇ ਪ੍ਰੋਗਰਾਮ ਅਨੁਸਾਰ 28, 29, 30 ਸਤੰਬਰ ਦੇ ਰੇਲ ਰੋਕੂ ਦੀ ਤਿਆਰੀ ਪੂਰੇ ਜ਼ੋਰਾਂ ਨਾਲ ਕੀਤੀ ਜਾ ਰਹੀ ਹੈ। ਜੇਕਰ ਸਰਕਾਰ ਨੇ ਸਮਾਂ ਰਹਿੰਦੇ ਮਸਲੇ ਹੱਲ ਨਾ ਕੀਤੇ ਤਾਂ ਲੋਕਾਂ ਦੀ ਖੱਜਲ ਖੁਆਰੀ ਦੀ ਜ਼ਿੰਮੇਵਾਰ ਸੈਂਟਰ ਤੇ ਪੰਜਾਬ ਸਰਕਾਰ ਹੋਵੇਗੀ। ਮੋਗਾ ਜ਼ਿਲ੍ਹੇ ਦੇ ਪਿੰਡ ਬਹਿਰਾਮਕ, ਮਸੀਤਾਂ, ਨਿਹਾਲਗੜ੍ਹ, ਸਾਦੀਵਾਲਾ, ਮਸਤੇਵਾਲਾ, ਸੇਦਮਹੰਮਦ, ਦੌਲੇਵਾਲਾ ਕਲਾਂ, ਭੋਇਪੁਰ, ਅਮੀਵਾਲਾ, ਸੇਰਪੁਰ ਤਾਇਬਾਂ, ਮੰਝਲੀ, ਸੰਗਲਾਂ, ਬੱਡੂਵਾਲ, ਭਿੰਡਰ ਕਲਾਂ, ਨੂਰਪੁਰ ਹਕੀਮਾਂ, ਕੜਿਆਲ, ਜਾਨੀਆਂ, ਰੰਡਿਆਲਾ, ਚਰਾਗਸਾਹਵਾਲਾ, ਜਾਫਰਵਾਲਾ, ਮੋਜੇਵਾਲਾ, ਕੋਟਸਦਰਖਾਂ, ਚੱਕ ਸਿੰਘ ਪੁਰਾ ਆਦਿ ਪਿੰਡਾਂ ਵਿੱਚ ਕਿਸਾਨ ਆਗੂਆਂ ਤੇ ਵਰਕਰਾਂ ਵੱਲੋਂ ਪੁਤਲੇ ਫੂਕੇ ਗਏ। ਇਸ ਮੌਕੇ ਜਾਗੀਰ ਸਿੰਘ ਸਾਦੀਵਾਲਾ, ਗੁਰਦਿਆਲ ਸਿੰਘ ਨੰਬਰਦਾਰ, ਤੋਤਾ ਸਿੰਘ ਬਹਿਰਾਮਕੇ, ਬਲਵੀਰ ਸਿੰਘ, ਮੇਜਰ ਸਿੰਘ ਸੇਦਮਹੰਮਦ, ਮਲੂਕ ਸਿੰਘ ਮਸਤੇਵਾਲਾ, ਮਲਕੀਤ ਸਿੰਘ ਅਮੀਵਾਲਾ, ਗੁਰਨਾਮ ਸਿੰਘ ਸਾਹਵਾਲਾ, ਅਮਰੀਕ ਸਿੰਘ ਜਸਮੇਰੀਆ, ਸ਼ੇਰ ਸਿੰਘ ਖੰਬੇ, ਬਾਜ ਸਿੰਘ ਸੰਗਲਾ, ਜੱਸ ਗੜ੍ਹਾ, ਕੁਲਜਿੰਦਰ ਸਿੰਘ, ਅੰਗਰੇਜ ਸਿੰਘ ਸਿੱਧੂ, ਅਮਰੀਕ ਸਿੰਘ, ਮਨਜੀਤ ਸਿੰਘ ਸਰੋਆ, ਬੂਟਾ ਸਿੰਘ, ਮੁਖਤਿਆਰ ਸਿੰਘ ਵਿਰਕ, ਜਗਤਾਰ ਸਿੰਘ, ਇਕਬਾਲ ਸਿੰਘ, ਚਮਕੌਰ ਸਿੰਘ, ਅਮਰੀਕ ਸਿੰਘ ਸੋਥੋਂ ਬੱਡੂਵਾਲ, ਰਛਪਾਲ ਸਿੰਘ ਭਿੰਡਰ ਕਲਾਂ, ਗੁਰਮੁੱਖ ਸਿੰਘ ਮੋਜੋਵਾਲਾ ਆਦਿ ਕਿਸਾਨ ਆਗੂ ਹਾਜ਼ਰ ਸਨ।

ਮੋਗਾ (ਅਮਰਜੀਤ ਬੱਬਰੀ)-ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ ਪੰਜਾਬ ਦੀ ਬਲਾਕ ਪ੍ਰਧਾਨ ਜਗਮੋਹਨ ਸਿੰਘ ਕੰਗ ਨੇ ਪ੍ਰੈੱਸ ਬਿਆਨ ਰਾਹੀਂ ਜਾਣਕਾਰੀ ਦਿੱਤੀ ਕਿ ਉੱਤਰੀ ਭਾਰਤ ਦੀਆਂ 16 ਜਥੇਬੰਦੀਆਂ ਦੇ ਸਾਂਝੇ ਫਰੰਟ ਨੇ ਹੜ੍ਹ ਪੀੜਤਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਰਾਉਣ, ਜਿਣਸਾਂ 'ਤੇ ਘੱਟੋ ਘੱਟ ਸਮਰਥਨ ਮੁੱਲ ਲੈਣ, ਨਰੇਗਾ ਕੰਮ ਡਬਲ ਕਰਾਉਣ, ਦਿੱਲੀ ਮੋਰਚੇ ਦੀਆਂ ਰਹਿੰਦੀਆਂ ਮੰਗਾਂ ਹੱਲ ਕਰਾਉਣ ਲਈ ਸੰਘਰਸ਼ ਸ਼ੁਰੂ ਕੀਤਾ ਗਿਆ ਹੈ। ਦਬਾਅ ਕਰਕੇ ਸਰਕਾਰ ਨੇ ਮੀਟਿੰਗ ਤਾਂ ਕਰ ਲਈ, ਪਰ ਹੱਲ ਕੁਝ ਨਹੀਂ ਹੋਇਆ। ਅੱਜ 16 ਜਥੇਬੰਦੀਆਂ ਦੇ ਸਾਂਝੇ ਫਰੰਟ ਨੇ ਜੀ-20 ਦੇਸ਼ਾਂ ਦੀ ਦਿੱਲੀ ਹੋ ਰਹੀ ਮੀਟਿੰਗ ਦਾ ਵਿਰੋਧ ਕਰਨ ਲਈ ਮੋਦੀ ਸਰਕਾਰ ਦੀਆਂ ਪਿੰਡਾਂ ਵਿੱਚ ਅਰਥੀਆਂ ਸਾੜਨ ਦਾ ਸੱਦਾ ਦਿੱਤਾ ਹੈ।

ਬਲਾਕ ਸਕੱਤਰ ਗਮਦੂਰ ਸਿੰਘ ਨੇ ਦੱਸਿਆ ਕਿ ਅੱਜ ਚੋਟੀਆਂ ਕਲਾਂ, ਚੂਹੜਚੱਕ ਸੱਦਾ ਸਿੰਘ ਵਾਲਾ, ਡਗਰੂ, ਨਿਧਾਂਵਾਲਾ, ਮਹੇਸਰੀ ਤੇ ਡਰੋਲੀ ਵਿਖੇ ਮੋਦੀ ਸਰਕਾਰ ਦੀਆਂ ਅਰਥੀਆਂ ਸਾੜੀਆਂ ਗਈਆਂ ਅਤੇ ਜੰਮ ਕੇ ਮੋਦੀ ਸਰਕਾਰ ਵਿਰੱਧ ਨਾਹਰੇਬਾਜ਼ੀ ਕੀਤੀ ਗਈ। ਪਿੰਡਾਂ ਵਿੱਚ ਹੋਈਆਂ ਰੈਲੀਆਂ ਨੂੰ ਹਰਬੰਸ ਸਿੰਘ, ਰਣਜੀਤ ਸਿੰਘ, ਸੂਬਾ ਸਿੰਘ ਡਗਰੂ, ਪ੍ਰਤਾਪ ਸਿੰਘ ਡਰੋਲੀ ਤੇ ਸੰਤੋਖ ਸਿੰਘ ਮਹੇਸਰੀ, ਤੇਜੀ ਮਹੇਸਰੀ ਆਦਿ ਆਗੂਆਂ ਨੇ ਸੰਬੋਧਨ ਕੀਤਾ।

ਮਿੱਡ-ਡੇ ਮੀਲ ਵਰਕਰ 12 ਨੂੰ ਕਰਨਗੇ ਜ਼ਿਲ੍ਹਾ ਸਿੱਖਿਆ ਦਫਤਰ ਵਿਖੇ ਰੋਸ ਪ੍ਰਦਰਸ਼ਨ

ਬਿਨਾਂ ਕਾਰਨ ਕਿਸੇ ਵਰਕਰ ਨੂੰ ਕੱਢਣ ਨਹੀਂ ਦਿੱਤਾ ਜਾਵੇਗਾ : ਯੂਨੀਅਨ ਆਗੂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਮਿੱਡ-ਡੇ ਮੀਲ ਵਰਕਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਸ੍ਰੀ ਮੁਕਤਸਰ ਸਾਹਿਬ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਵੰਗਲ ਦੀ ਮਿੱਡ-ਡੇ ਮੀਲ ਵਰਕਰ ਨੂੰ ਜਬਰੀ ਹਟਾਏ ਜਾਣ ਖਿਲਾਫ ਜ਼ਿਲ੍ਹਾ ਸਿੱਖਿਆ ਦਫਤਰ ਵਿਖੇ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਰਮਨਜੀਤ ਕੌਰ ਤੇ ਜਨਰਲ ਸਕੱਤਰ ਰਾਜਵਿੰਦਰ ਕੌਰ ਨੇ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਵੰਗਲ ਵਿਖੇ ਕੰਮ ਕਰਦੀ ਮਿੱਡ-ਡੇ ਮੀਲ ਨੂੰ ਬਿਨਾਂ ਨਿਯਮਾਂ ਦੀ ਪਾਲਣਾ ਕੀਤਿਆਂ ਜਬਰੀ ਹਟਾਇਆ ਗਿਆ ਹੈ। ਇਸ ਖਿਲਾਫ ਜਥੇਬੰਦੀ ਵੱਲੋਂ ਪਹਿਲਾਂ ਸਕੂਲ ਨਾਲ ਤੇ ਫਿਰ ਜ਼ਿਲ੍ਹਾ ਸਿੱਖਿਆ ਅਫਸਰ (ਪ੍ਰਾ) ਸ੍ਰੀ ਮੁਕਤਸਰ ਸਾਹਿਬ ਨਾਲ ਰਾਬਤਾ ਕਰਕੇ ਮਸਲਾ ਹੱਲ ਕਰਾਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਪਰ ਇਸ ਵਿੱਚ ਮਿੱਡ-ਡੇ ਮੀਲ ਵਰਕਰ ਨੂੰ ਹਾਲੇ ਤੱਕ ਕੋਈ ਨਿਆਂ ਨਹੀਂ ਮਿਲਿਆ ਹੈ। ਇਸ ਖਿਲਾਫ ਜ਼ਿਲ੍ਹੇ ਭਰ ਦੀਆਂ ਮਿੱਡ-ਡੇ ਮੀਲ ਵਰਕਰਾਂ 'ਚ ਭਾਰੀ ਰੋਸ ਹੈ। ਉਨ੍ਹਾਂ ਇਸ ਰੋਸ ਦੇ ਪ੍ਰਗਟਾਵੇ ਲਈ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਮੁਕਤਸਰ ਸਾਹਿਬ ਵਿਖੇ ਇਕੱਠੇ ਹੋ ਕੇ 12 ਸਤੰਬਰ ਨੂੰ ਪ੍ਰਦਰਸ਼ਨ ਕਰਨ ਦਾ ਐਲਾਨ ਕਰ ਦਿੱਤਾ ਹੈ। ਇਸ ਮੌਕੇ ਵੀਰਪਾਲ ਕੌਰ ਸੀਰਵਾਲੀ, ਮੰਜੂ ਸੇਰੇਵਾਲਾ, ਗੁਰਮੀਤ ਕੌਰ ਖੁੰਡੇ ਹਲਾਲ, ਸੋਨੀਆ ਹਰੀਕੇ ਕਲਾਂ, ਰਾਣੀ ਕੌਰ ਝੁਰੜ, ਸੁਖਜੀਤ ਕੌਰ, ਮਨਦੀਪ ਕੌਰ ਲੰਬੀ, ਅਮਰਜੀਤ ਕੌਰ ਸੂਰੇਵਾਲਾ, ਸਰੋਜ ਰਾਣੀ ਮੁਕਤਸਰ, ਮਨਜੀਤ ਕੌਰ ਭੁੱਲਰ, ਮਨਪ੍ਰੀਤ ਕੌਰ, ਜੀਤ ਸਿੰਘ ਬਰੀਵਾਲਾ, ਭੋਲਾ ਸਿੰਘ ਦੂਹੇਵਾਲਾ ਨੇ ਕਿਹਾ ਕਿ ਬਿਨਾਂ ਕਾਰਨ ਕਿਸੇ ਵਰਕਰ ਨੂੰ ਕੱਢਣ ਨਹੀਂ ਦਿੱਤਾ ਜਾਵੇਗਾ ਤੇ ਇਸ ਕੇਸ ਵਿੱਚ ਕੱਢੀ ਗਈ ਵਰਕਰ ਦਾ ਸਾਥ ਦਿੱਤਾ ਜਾਵੇਗਾ। ਉਨ੍ਹਾਂ ਵੱਲੋਂ ਆਪਣੀਆਂ ਵਰਕਰਾਂ ਨੂੰ 12 ਸਤੰਬਰ ਨੂੰ ਜ਼ਿਲ੍ਹਾ ਸਿੱਖਿਆ ਦਫਤਰ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਣ ਵਾਲੇ ਪ੍ਰਦਰਸ਼ਨ 'ਚ ਵੱਡੀ ਗਿਣਤੀ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

ਮੁਹੱਲੇ 'ਚ ਸਫਾਈ ਨਾ ਹੋਣ ਕਾਰਨ ਕੌਂਸਲ ਅਧਿਕਾਰੀਆਂ ਖਿਲਾਫ ਨਾਅਰੇਬਾਜ਼ੀ

ਤਪਾ ਮੰਡੀ (ਅਰੁਣ ਗੋਇਲ)-ਸ਼ਹਿਰ ਤਪਾ ਦੇ ਵਾਰਡ ਨੰਬਰ 1 ਦੀ ਕੌਂਸਲਰ ਸੁਖਵਿੰਦਰ ਕੌਰ ਦੇ ਪਤੀ ਲਖਵਿੰਦਰ ਸਿੰਘ ਲੱਖਾ ਨੇ ਬਸਤੀ ਦੇ ਲੋਕਾਂ ਨੇ ਮੁਹੱਲੇ ਤੇ ਗਲੀਆਂ-ਨਾਲੀਆਂ ਦੀ ਸਫਾਈ ਨਾ ਹੋਣ ਕਾਰਨ ਨਗਰ ਕੌਂਸਲ ਤਪਾ ਦੇ ਅਧਿਕਾਰੀਆਂ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਲਖਵਿੰਦਰ ਸਿੰਘ ਲੱਖਾ ਨੇ ਪੱਤਰਕਾਰਾਂ ਨੂੰ ਆਪਣੇ ਵਾਰਡ ਦੀਆਂ ਗਲੀਆਂ-ਨਾਲੀਆਂ ਦਾ ਹਾਲ ਦਿਖਾਉਂਦੇ ਹੋਏ ਕਿਹਾ ਕਿ ਨਗਰ ਕੌਂਸਲ ਦੇ ਅਧਿਕਾਰੀਆਂ ਨੇ ਸ਼ਹਿਰ ਦੀ ਸਫਾਈ ਵੱਲ ਕੋਈ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਹਰ ਗਲੀ ਮੁਹੱਲੇ ਵਿੱਚ ਕੂੜੇ ਦੇ ਢੇਰ ਲੱਗੇ ਹੋਏ ਹਨ ਤੇ ਨਾਲੀਆਂ 'ਚ ਪਾਣੀ ਓਵਰਫਲੋ ਹੋ ਕੇ ਗਲੀਆਂ ਵਿੱਚ ਫਿਰਦਾ ਹੈ। ਸੀਵਰੇਜ ਬੰਦ ਹੋਏ ਪਏ ਹਨ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਕਈ ਵਾਰ ਕਹਿਣ ਦੇ ਬਾਵਜੂਦ ਉਨ੍ਹਾਂ ਦੇ ਕੰਨਾਂ 'ਤੇ ਜੂੰ ਨਹੀਂ ਸਰਕੀ।

ਉਨ੍ਹਾ ਕਿਹਾ ਕਿ ਨਗਰ ਕੌਂਸਲ ਦੇ ਪ੍ਰਧਾਨ ਦੀ ਕੁਰਸੀ ਕਈ ਮਹੀਨਿਆਂ ਤੋਂ ਖਾਲੀ ਪਈ ਹੈ। ਅਧਿਕਾਰੀ ਕੌਂਸਲਰਾਂ ਦੀ ਸੁਣਵਾਈ ਨਹੀਂ ਕਰਦੇ, ਜਿਸ ਕਾਰਨ ਕੌਂਸਲਰ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਵਾਰਡ ਦੇ ਲੋਕਾਂ ਦੀਆਂ ਖਰੀਆਂ-ਖਰੀਆਂ ਸੁਣਨੀਆਂ ਪੈ ਰਹੀ ਹਨ। ਉਨ੍ਹਾ ਇਹ ਵੀ ਦੱਸਿਆ ਕਿ ਮਜਬੂਰਨ ਆਪ ਦੇ ਪੱਲਿਓਂ ਪੈਸੇ ਖਰਚ ਕਰਕੇ ਖੁਦ ਸੀਵਰੇਜ ਠੀਕ ਕਰਨੇ ਪੈ ਰਹੇ ਹਨ। ਇਸ ਮੌਕੇ ਬਸਤੀ ਗਲੀ ਦੇ ਵਸਨੀਕ ਦੁਰਗਾ ਪਾਸਵਾਨ ਤੇ ਰਾਮ ਲਾਲ ਨੇ ਕਿਹਾ ਕਿ ਗਲੀ ਦਾ ਇੰਨਾ ਮਾੜਾ ਹਾਲ ਹੋਇਆ ਪਿਆ ਕਿ ਬਸਤੀ ਦੇ ਲੋਕ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਵੀ ਹੋ ਸਕਦੇ ਹਨ। ਬੱਚੇ ਗਲੀਆਂ ਵਿੱਚ ਗੰਦਗੀ ਕਾਰਨ ਘਰੋਂ ਬਾਹਰ ਨਹੀਂ ਨਿਕਲ ਰਹੇ, ਨਾਲੀਆਂ ਦੇ ਪਾਣੀ ਨਾਲ ਗਲੀਆਂ ਭਰੀਆਂ ਪਈਆਂ ਹਨ। ਇਸ ਮੌਕੇ ਰਾਮ ਰਾਮ ਲਾਲ, ਦੁਰਗਾ ਪਾਸਵਾਨ, ਫੂਲਵਤੀ, ਕ੍ਰਿਸ਼ਨਾ, ਸੁਲੇਖਾ ਦੇਵੀਂ, ਦੂਤਨ ਦੇਵੀ, ਸਾਨਵਤੀ ਦੇਵੀ ਤੇ ਦਰਸ਼ਨ ਸਿੰਘ ਤੋਂ ਇਲਾਵਾ ਹੋਰ ਲੋਕ ਹਾਜ਼ਰ ਸਨ। ਜਦੋਂ ਇਸ ਸਫ਼ਾਈ ਸਬੰਧੀ ਨਗਰ ਕੌਂਸਲ ਦੇ ਅਧਿਕਾਰੀਆਂ ਨਾਲ ਗੱਲ ਕਰਨੀ ਚਾਹੀ ਤਾਂ ਮੋਬਾਇਲ ਨਹੀਂ ਚੁੱਕਿਆ।

ਕਾਤਰਾਂ

ਪੰਜਾਬੀ ਨੌਜਵਾਨ ਦੀ ਆਸਟ੍ਰੇਲੀਆ 'ਚ ਸੜਕ ਹਾਦਸੇ 'ਚ ਮੌਤ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਜ਼ਿਲ੍ਹਾ ਬਰਨਾਲਾ ਦੇ ਛਾਪਾ ਨਾਲ ਦੇ ਨੌਜਵਾਨ ਦੀ ਆਸਟ੍ਰੇਲੀਆ ਵਿਖੇ ਸੜਕ ਹਾਦਸੇ 'ਚ ਮੌਤ ਹੋਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਨੌਜਵਾਨ ਮਨਪ੍ਰੀਤ ਸਿੰਘ (30) ਪੱਤਰ ਬਲਵੀਰ ਸਿੰਘ ਵਾਸੀ ਛਾਪਾ ਹਾਲ ਆਬਾਦ ਐਡੀਲੈਂਡ (ਆਸਟ੍ਰੇਲੀਆ) ਜੋ ਕਿ ਪੇਸ਼ੇ ਵਜੋਂ ਟਰੱਕ ਡਰਾਈਵਰ ਦਾ ਕੰਮ ਕਰਦਾ ਸੀ, ਐਡੀਲੈਂਡ ਤੇ ਪਰਥ ਦੇ ਬਾਰਡਰ 'ਤੇ ਦੋ ਟਰੱਕਾਂ ਦੀ ਹੋਈ ਭਿਆਨਕ ਟੱਕਰ 'ਚ ਮੌਕੇ 'ਤੇ ਹੀ ਦਮ ਤੋੜ ਗਿਆ। ਮ੍ਰਿਤਕ ਨੌਜਵਾਨ ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਉਹ ਪਿਛਲੇ ਸਾਲਾਂ ਤੋਂ ਆਸਟ੍ਰੇਲੀਆ ਵਿੱਚ ਪਤਨੀ ਤੇ ਬੱਚੇ ਨਾਲ ਰਹਿ ਰਿਹਾ ਸੀ। ਨੌਜਵਾਨ ਮਨਪ੍ਰੀਤ ਸਿੰਘ ਦੀ ਮੌਤ ਖਬਰ ਨਾਲ ਇਲਾਕੇ ਅੰਦਰ ਸੋਗ ਦੀ ਲਹਿਰ ਹੈ।

ਸੜਕ ਹਾਦਸੇ ਦੇ ਮ੍ਰਿਤਕਾਂ ਨਮਿੱਤ ਪਾਠ ਦੇ ਭੋਗ ਪਾਏ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਬੀਤੇ ਦਿਨੀਂ ਨੇੜਲੇ ਪਿੰਡ ਸ਼ੇਰੋਂ ਦੇ ਵਸਨੀਕ ਪ੍ਰਮਜੀਤ ਸਿੰਘ, ਪ੍ਰਵੀਨ ਕੌਰ ਤੇ ਮਨਜੀਤ ਸਿੰਘ, ਜੋਕਿ ਇੱਕ ਭਿਆਨਕ ਸੜਕ ਹਾਦਸੇ ਦੌਰਾਨ ਅਕਾਲ ਚਲਾਣਾ ਕਰ ਗਏ ਸਨ, ਉਨ੍ਹਾਂ ਨਮਿੱਤ ਅੱਜ ਭੋਗ ਪਾਏ ਗਏ। ਇਸ ਮੌਕੇ ਪਿੰਡ ਦੇ ਲੋਕਾਂ ਤੇ ਇਲਾਕੇ ਦੇ ਮੋਹਤਬਰ ਵਿਅਕਤੀਆਂ ਨੇ ਆਪਣੀ ਹਾਜ਼ਰੀ ਲਗਵਾਉਂਦਿਆਂ ਪ੍ਰਭਾਵਿਤ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਵੱਲੋਂ ਗੋਬਿੰਦ ਸਿੰਘ ਸੰਧੋ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਪ੍ਰਭਾਵਿਤ ਪਰਿਵਾਰਾਂ ਨੂੰ ਹਰ ਮੌਕੇ ਮਦਦ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਪਿੰਡ ਦੇ ਪਾਰਟੀ ਵਰਕਰਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਅ) ਦੇ ਸੀਨੀਅਰ ਆਗੂ ਅਮਰਜੀਤ ਸਿੰਘ ਗਿੱਲ (ਲੌਂਗੋਵਾਲ), ਸਤਨਾਮ ਸਿੰਘ ਰੱਤੋਕੇ, ਬਹਾਦਰ ਸਿੰਘ, ਰੂਪ ਸਿੰਘ ਸ਼ੇਰੋਂ ਹਾਜ਼ਰ ਸਨ।

ਝਾੜ ਸਾਹਿਬ ਕਾਲਜ 'ਚ ਹੁਨਰ ਸਿਖਲਾਈ ਕੈਂਪ ਭਲਕ ਤੋਂ

ਸਮਰਾਲਾ/ਮਾਛੀਵਾੜਾ ਸਾਹਿਬ (ਸੁਰਜੀਤ ਸਿੰਘ/ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਵਿਖੇ ਤਿੰਨ ਰੋਜ਼ਾ ਹੁਨਰ ਸਿਖਲਾਈ ਕੈਂਪ 11 ਤੋਂ 13 ਸਤੰਬਰ ਤੱਕ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਸਾਂਝੀ ਕਰਦੇ ਹੋਏ ਕਾਲਜ ਪ੍ਰਿੰ: ਡਾ. ਰਜਿੰਦਰ ਕੌਰ ਨੇ ਦੱਸਿਆ ਕਿ ਕਾਲਜ ਦੀਆਂ ਵਿਦਿਆਰਥਣਾਂ ਵਿੱਚ ਆਤਮ ਵਿਸ਼ਵਾਸ ਦੀ ਚਿਣਗ ਜਗਾਉਣ ਤੇ ਉਨ੍ਹਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਕਾਲਜ ਸਮੇਂ ਸਮੇਂ 'ਤੇ ਅਜਿਹੇ ਕੈਂਪਾਂ ਦਾ ਆਯੋਜਨ ਕਰਦਾ ਰਹਿੰਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਦੇ ਸਕੱਤਰ (ਵਿੱਦਿਆ) ਸੁਖਮਿੰਦਰ ਸਿੰਘ ਦੀ ਦੇਖ-ਰੇਖ ਹੇਠ ਤਿੰਨ ਰੋਜ਼ਾ ਟ੍ਰੇਨਿੰਗ ਪ੍ਰੋਗਰਾਮ ਕੀਤਾ ਜਾ ਰਿਹਾ ਹੈ। ਇਹ ਕੈਂਪ ਡਾਇਰੈਕਟੋਰੇਟ ਆਫ ਐਜੂਕੇਸ਼ਨ ਵੱਲੋਂ ਸਥਾਪਤ ਕੀਤੇ ਗਏ ਪਲੇਸਮੈਂਟ ਸੈੱਲ ਵੱਲੋਂ ਫਰੈਂਡਸ ਯੂਨੀਅਨ ਫਾਰ ਐਂਨਰਾਈਜ਼ਿੰਗ ਲਾਈਵਜ਼ (ਫਿਯੂਲ) ਕੰਪਨੀ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ। ਇਸ ਟ੍ਰੇਨਿੰਗ ਪ੍ਰੋਗਰਾਮ ਵਿੱਚ ਬੀਬੀ ਸ਼ਰਨ ਕੌਰ ਖਾਲਸਾ ਕਾਲਜ ਸ੍ਰੀ ਚਮਕੌਰ ਸਾਹਿਬ ਦੀਆਂ ਵਿਦਿਆਰਥਣਾਂ ਵੀ ਭਾਗ ਲੈਣਗੀਆਂ।

ਬੱਚਿਆਂ ਦੇ ਗੁਰਮਤਿ ਮੁਕਾਬਲੇ 16 ਨੂੰ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਫ਼ਤਹਿਗੜ੍ਹ ਸਾਹਿਬ ਦੇ ਟੋਡਰ ਮੱਲ ਨਗਰ 'ਚ ਪੰਜਾ ਸਾਹਿਬ ਵਾਲੇ ਸ਼ਹੀਦਾਂ ਦੀ ਯਾਦ 'ਚ ਬਣੇ ਗੁਰਦੁਆਰਾ ਸਾਹਿਬ ਵਿਖੇ ਬੀਤੇ 4-5 ਸਾਲਾਂ ਤੋਂ ਬੱਚਿਆਂ ਨੂੰ ਗੁਰਬਾਣੀ ਦੀ ਸੰਥਿਆ ਅਤੇ ਕੀਰਤਨ ਦੀ ਸਿਖਲਾਈ ਦਿਵਾਉਣ ਦੇ ਉਪਰਾਲੇ ਕਰ ਰਹੇ ਬੀਬੀਆਂ ਦੇ ਜਥੇ ਦੀ ਅਗਵਾਈ ਕਰ ਰਹੀ ਬੀਬੀ ਮਨਦੀਪ ਕੌਰ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸ

page-6-10-(SEP)-2023-G-(BV).qxd 9/9/2023 9:19 PM Page 1

46 ਆਂਗਣਵਾੜੀ ਵਰਕਰਾਂ/ਹੈਲਪਰਾਂ ਨੂੰ ਨਿਯੁਕਤੀ ਪੱਤਰ ਵੰਡੇ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਭਾਗ ਵੱਲੋਂ ਭਰਤੀ ਕੀਤੇ ਗਏ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਨਿਯੁਕਤੀ ਪੱਤਰ ਵੰਡਣ ਲਈ ਆਂਗਣਵਾੜੀ ਸੈਂਟਰ ਝੰਡੇਚੱਕ ਵਿਖੇ ਇਕ ਸਮਾਗਮ ਕਰਵਾਇਆ ਗਿਆ। ਵਿਧਾਨਸਭਾ ਹਲਕਾ ਦੀਨਾਨਗਰ ਦੇ ਬਲਾਕ ਦੀਨਾਨਗਰ, ਦੋਰਾਂਗਲਾ, ਗੁਰਦਾਸਪੁਰ ਤੇ ਕਾਹਨੂੰਵਾਨ ਅਧੀਨ ਭਰਤੀ ਕੀਤੇ ਗਏ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀ ਹਾਜ਼ਰੀ ਵਾਲਾ ਸਮਾਗਮ ਸੀਡੀਪੀਓ ਦੀਨਾਨਗਰ ਜਸਮੀਤ ਕੌਰ, ਸੀਡੀਪੀਓ ਗੁਰਦਾਸਪੁਰ ਸ਼ਸ਼ੀ ਬਾਲਾ ਅਤੇ ਸੀਡੀਪੀਓ ਕਾਹਨੂੰਵਾਨ ਮਧੂ ਬਾਲਾ ਦੀ ਅਗਵਾਈ ਹੇਠ ਕਰਵਾਇਆ ਗਿਆ ਜਿਸ ਵਿੱਚ ਆਮ ਆਦਮੀ ਪਾਰਟੀ ਗੁਰਦਾਸਪੁਰ ਸ਼ਹਿਰੀ ਦੇ ਜ਼ਿਲ੍ਹਾ ਪ੍ਰਧਾਨ ਸ਼ਮਸ਼ੇਰ ਸਿੰਘ ਮੁੱਖ ਮਹਿਮਾਨ ਤੇ ਤੌਰ 'ਤੇ ਅਤੇ ਐਸਡੀਐਮ ਅਰਵਿੰਦ ਕੁਮਾਰ ਵਿਸ਼ੇਸ਼ ਮਹਿਮਾਨਾਂ ਦੇ ਤੌਰ 'ਤੇ ਹਾਜ਼ਰ ਹੋਏ। ਵਿਧਾਨਸਭਾ ਹਲਕਾ ਦੀਨਾਨਗਰ ਦੇ ਉਕਤ ਚਾਰਾਂ ਬਲਾਕਾਂ ਅਧੀਨ ਭਰਤੀ ਕੀਤੀਆਂ ਗਈਆਂ 4 ਆਂਗਣਵਾੜੀ ਵਰਕਰਾਂ ਤੇ 26 ਹੈਲਪਰਾਂ ਨੂੰ ਨਿਯੁਕਤੀ ਪੱਤਰ ਵੰਡਣ ਮੌਕੇ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਜਿਸ ਪਾਰਦਰਸ਼ੀ ਤਰੀਕੇ ਨਾਲ ਬਿਨਾਂ ਕਿਸੇ ਪੱਖਪਾਤ ਦੇ ਪੰਜਾਬ ਸਰਕਾਰ ਵੱਲੋਂ ਇਹ ਆਂਗਣਵਾੜੀ ਵਰਕਰ ਭਰਤੀ ਕੀਤੇ ਗਏ ਉਸ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਪੈਠ ਲੋਕਾਂ ਵਿੱਚ ਹੋਰ ਵੀ ਗੂੜੀ ਹੋਈ ਹੈ ਅਤੇ ਲੋਕਾਂ ਅੰਦਰ ਵਿਸ਼ਵਾਸ਼ ਵਧਿਆ ਹੈ ਕਿ ਉਹਨਾਂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੁਣੀ ਗਈ ਆਮ ਆਦਮੀ ਪਾਰਟੀ ਦੀ ਸਰਕਾਰ ਇਕ ਇਮਾਨਦਾਰ ਸਰਕਾਰ ਹੈ। ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ ਕਦੇ ਵੀ ਅਜਿਹਾ ਨਹੀਂ ਸੀ ਹੋਇਆ ਕਿ ਕੋਈ ਵੀ ਭਰਤੀ ਇੰਨੇ ਪਾਰਦਰਸ਼ੀ ਤਰੀਕੇ ਨਾਲ ਹੋਈ ਹੋਵੇ, ਮਗਰਲੀਆਂ ਸਰਕਾਰ ਨੇ ਹਰ ਥਾਂ ਭ੍ਰਿਸ਼ਟਾਚਾਰ ਕੀਤਾ ਹੈ, ਭਰਤੀਆਂ ਵਿੱਚ ਅਪਣੇ ਹੀ ਭਾਈ ਭਤੀਜਿਆਂ ਨੂੰ ਗੱਫੇ ਲੁਆਏ ਸਨ, ਪਰ ਹੁਣ ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਨਣ ਮਗਰੋਂ ਬਿਲਕੁਲ ਪਾਰਦਰਸ਼ੀ ਤਰੀਕੇ ਨਾਲ ਕੰਮ ਚੱਲ ਰਿਹਾ ਹੈ। ਉਹਨਾਂ ਨੇ ਨਵ ਨਿਯੁਕਤ ਆਂਗਣਵਾੜੀ ਮੁਲਾਜਮਾਂ ਨੂੰ ਸ਼ੁਭਇੱਛਾਵਾਂ ਦਿੰਦਿਆਂ ਉਹਨਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਇਮਾਨਦਾਰ ਸਰਕਾਰ ਵਿੱਚ ਅਪਣਾ ਫਰਜ ਮਿਹਨਤ ਲਗਨ ਤੇ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਬਲਾਕ ਕੋਅਡੀਨੇਟਰ ਸਰਬਜੀਤ ਸਿੰਘ, ਆਮ ਆਦਮੀ ਪਾਰਟੀ ਦੇ ਰਿਟਾ. ਪ੍ਰਿੰਸੀਪਲ ਸੁਖਦੇਵ ਰਾਜ, ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਮਨਮੋਹਨ ਸਿੰਘ, ਬਲਾਕ ਪ੍ਰਧਾਨ ਨਿਸ਼ਾਨ ਸਿੰਘ ਗੁੰਝੀਆਂ, ਬਲਬੀਰ ਸਿੰਘ ਗੁੰਝੀਆਂ, ਰਜਿੰਦਰ ਮਗਰਾਲਾ, ਪਰਮਿੰਦਰ ਸੈਣੀ, ਸੁਖਦੇਵ ਸਿੰਘ ਸੋਨੂੰ ਪਹਾੜੀਪੁਰ ਅਤੇ ਮੰਨਾ ਸੰਧੂ ਵੀ ਹਾਜਰ ਸਨ।

ਨੈਸ਼ਨਲ ਲੋਕ ਅਦਾਲਤ 'ਚ 4324 ਕੇਸਾਂ ਦਾ ਨਿਪਟਾਰਾ; 242092281 ਰੁਪਏ ਦੇ ਐਵਾਰਡ ਪਾਸ

ਡੇਰਾ ਬਾਬਾ ਨਾਨਕ/ਗੁਰਦਾਸਪੁਰ (ਰਮੇਸ਼ ਸ਼ਰਮਾ/ਜਨਕ ਮਹਾਜਨ/ਦਿਨੇਸ਼ ਕੁਮਾਰ)-ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਮਾਨਯੋਗ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਕ ਅਤੇ ਰਜਿੰਦਰ ਅਗਰਵਾਲ, ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੀ ਅਗਵਾਈ ਹੇਠ ਸੈਸ਼ਨਜ਼ ਡਵੀਜ਼ਨ ਗੁਰਦਾਸਪੁਰ ਅਧੀਨ ਸਮੂਹ ਨਿਆਇਕ ਅਦਾਲਤਾਂ ਵੱਲੋਂ ਕੇਸਾਂ ਦੇ ਨਿਪਟਾਰੇ ਲਈ 'ਨੈਸ਼ਨਲ ਲੋਕ ਅਦਾਲਤ' ਦਾ ਆਯੋਜਨ ਕੀਤਾ ਗਿਆ। ਇਸ ਨੈਸ਼ਨਲ ਲੋਕ ਅਦਾਲਤ ਵਿੱਚ ਗੁਰਦਾਸਪੁਰ ਅਤੇ ਬਟਾਲਾ ਵਿਖੇ ਨਿਆਇਕ ਅਧਿਕਾਰੀਆਂ ਦੇ ਕੁੱਲ 14 ਲੋਕ ਅਦਾਲਤ ਬੈਂਚਾਂ ਦਾ ਗਠਨ ਕੀਤਾ ਗਿਆ। ਇਸ ਨੈਸ਼ਨਲ ਲੋਕ ਅਦਾਲਤ ਵਿੱਚ ਫੌਜਦਾਰੀ, ਚੈੱਕ ਬਾਊਂਸ, ਬੈਂਕਾਂ ਦੇ ਕੇਸ, ਐਕਸੀਡੈਂਟ ਕਲੇਮ ਕੇਸ ਅਤੇ ਪਰਿਵਾਰਕ ਝਗੜੇ ਆਦਿ ਕੇਸ ਲਗਾਏ ਗਏ। ਇਸ ਤੋਂ ਇਲਾਵਾ ਪ੍ਰੀ ਲਿਟੀਗੇਟਿਵ ਕੇਸ ਜਿਵੇਂ ਪਰਿਵਾਰਕ ਝਗੜੇ ਆਦਿ ਕੇਸਾਂ ਦੀ ਸੁਣਵਾਈ ਵੀ ਕੀਤੀ ਗਈ। ਨੈਸ਼ਨਲ ਲੋਕ ਅਦਾਲਤ ਦੌਰਾਨ ਪ੍ਰੀ-ਲਿਟੀਗੇਟਿਵ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਲੇਬਰ ਆਦਿ ਕੇਸ ਵੀ ਲਗਾਏ ਗਏ। ਇਸ ਲੋਕ ਅਦਾਲਤ ਵਿੱਚ ਰਾਜ਼ੀਨਾਮ ਹੋਣ ਯੋਗ ਕੇਸਾਂ ਦੇ ਨਿਪਟਾਰੇ ਲਈ 5749 ਕੇਸ ਜੋ ਕਿ ਕੋਰਟਾਂ ਵਿੱਚ ਪੈਂਡਿੰਗ ਹਨ, ਸੁਣਵਾਈ ਲਈ ਰੱਖੇ ਜਿਨ੍ਹਾਂ ਵਿਚੋਂ 3523 ਕੇਸਾਂ ਦਾ ਨਿਪਟਾਰਾ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਗਿਆ। ਇਸ ਤੋਂ ਇਲਾਵਾ 801 ਪ੍ਰੀ-ਲਿਟੀਗੇਟਿਵ ਕੇਸਾਂ ਦਾ ਨਿਪਟਾਰਾ ਵੀ ਕੀਤਾ ਗਿਆ। ਇਸ ਤਰ੍ਹਾਂ ਨੈਸ਼ਨਲ ਲੋਕ ਅਦਾਲਤ ਵਿੱਚ ਕੁੱਲ 4324 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਅਤੇ 242092281 ਰੁਪਏ ਦੀ ਰਕਮ ਦੇ ਐਵਾਰਡ ਪਾਸ ਕੀਤੇ ਗਏ। ਅੱਜ ਦੀ ਨੈਸ਼ਨਲ ਲੋਕ ਅਦਾਲਤ ਦੌਰਾਨ ਲੱਗੇ ਵੱਖ-ਵੱਖ ਬੈਂਚਾਂ ਦਾ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਸੁਮਿਤ ਭੱਲਾ ਵੱਲੋਂ ਵਿਸ਼ੇਸ਼ ਦੌਰਾ ਕਰਕੇ ਕੇਸਾਂ ਦੀ ਸੁਣਵਾਈ ਦੀ ਚੱਲ ਰਹੀ ਕਾਰਵਾਈ ਦਾ ਜਾਇਜ਼ਾ ਲਿਆ ਗਿਆ।

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਜੀ 20 ਸੰਮੇਲਨ ਵਿਰੁੱਧ ਕੇਂਦਰ ਸਰਕਾਰ ਦੇ ਫੁਕੇ ਪੁਤਲੇ

ਜਲੰਧਰ (ਸੁਰਿੰਦਰ ਕੁਮਾਰ)- ਸਥਾਨਕ ਜਲੰਧਰ ਵਿੱਚ ਉੱਤਰੀ ਭਾਰਤ ਦੀਆਂ 16 ਜਥੇਬੰਦੀਆਂ ਸਮੇਤ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਦਿੱਲੀ ਵਿਖੇ ਹੋ ਰਹੇ ਜੀ 20 ਸੰਮੇਲਨ ਵਿਰੁੱਧ ਪੰਜਾਬ ਵਿੱਚ ਸੈਕੜੇ ਥਾਵਾਂ 'ਤੇ ਕੇਂਦਰ ਸਰਕਾਰ ਦੇ ਪੁਤਲੇ ਫੂਕੇ ਗਏ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਨੇ ਕਿਹਾ ਕਿ ਕੇਂਦਰ ਵੱਲੋਂ ਕਾਰਪੋਰੇਟ ਜਗਤ ਨੂੰ ਫਾਇਦਾ ਪਹੁੰਚਾਉਣ ਵਾਸਤੇ ਜੀ 20 ਸੰਮੇਲਨ ਬੁਲਾਇਆ ਜਾ ਰਿਹਾ ਹੈ ਜੋ ਕਿ ਦੇਸ਼ ਵਾਸਤੇ ਬਹੁਤ ਘਾਤਕ ਹੈ ਅਤੇ ਦਿੱਲੀ ਦੀ ਆਵਾਜਾਈ ਠੱਪ ਕਰਕੇ ਲੋਕਾਂ ਨੂੰ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ। ਕੇਂਦਰ ਸਰਕਾਰ ਇਸ ਤੋਂ ਤੁਰੰਤ ਬਾਹਰ ਆਵੇ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਹੜ੍ਹ ਪੀੜਤਾਂ ਲਈ ਮੁਆਵਜ਼ਾ ਲੈਣਾ ਹੈ, ਸਾਰੇ ਸਰਕਾਰੀ ਅਦਾਰਿਆਂ ਨੂੰ ਸੁਰਜੀਤ ਕਰਨਾ ਹੈ, ਸਾਰੇ ਦੇਸ਼ ਨੂੰ ਨਸ਼ਾ ਮੁਕਤ ਕਰਨਾ ਹੈ, ਦਿੱਲੀ ਅੰਦੋਲਨ ਦੁਆਰਾ ਕੀਤੇ ਝੂਠੇ ਪਰਚੇ ਰੱਦ ਕਰਵਾਉਣੇ ਹਨ, ਐਮ.ਐਸ.ਪੀ ਗਰੰਟੀ ਦਾ ਕਾਨੂੰਨ ਬਣਾਉਣਾ ਹੈ, ਅਬਾਦਕਾਰਾਂ ਨੂੰ ਪੱਕੇ ਮਾਲਕੀ ਹੱਕ ਦਿਵਾਉਣੇ ਹਨ ਤਾਂ ਸਾਨੂੰ ਸੰਘਰਸ਼ ਦੇ ਮੈਦਾਨ ਵਿੱਚ ਆਉਣ ਪਵੇਗਾ। ਉਨ੍ਹਾਂ ਲੋਕਾਂ ਨੂੰ ਜੀ 20 ਸੰਮੇਲਨ ਦਾ ਵਿਰੋਧ ਕਰਨ ਦੀ ਅਪੀਲ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਮੰਗਾਂ ਨੂੰ ਲੈ ਕੇ ਉੱਤਰੀ ਭਾਰਤ ਦੀਆਂ 16 ਜਥੇਬੰਦੀਆਂ ਸਮੇਤ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਪੰਜਾਬ ਭਰ ਵਿੱਚ 28 ਸਤੰਬਰ ਨੂੰ ਵੱਖ ਵੱਖ ਥਾਵਾਂ 'ਤੇ ਰੇਲਾਂ ਦੇ ਚੱਕੇ ਜਾਮ ਕੀਤੇ ਜਾਣਗੇ।

ਐੱਸ ਐੱਲ ਬਾਵਾ ਕਾਲਜ 'ਚ ਜੀ-20 ਮਾਡਲ ਕਾਨਫਰੰਸ ਆਯੋਜਿਤ

ਬਟਾਲਾ (ਨਜ਼ਸ)-22 ਪੰਜਾਬ ਬਟਾਲੀਅਨ ਐੱਨਸੀਸੀ ਬਟਾਲਾ ਗਰੁੱਪ ਹੈੱਡ ਕੁਆਰਟਰ ਅੰਮ੍ਰਿਤਸਰ ਵੱਲੋਂ ਐੱਸ. ਐੱਲ. ਬਾਵਾ ਡੀਏਵੀ ਕਾਲਜ ਵਿੱਚ ਜੀ-20 ਮਾਡਲ ਕਾਨਫਰੰਸ ਕਰਵਾਈ ਗਈ। ਕਾਨਫਰੰਸ 'ਪੁਨੀਤ ਸਾਗਰ ਅਭਿਆਨ' ਤਹਿਤ ਕਰਵਾਈ। ਇਸ ਵਿੱਚ ਐੱਨਸੀਸੀ ਵਿਦਿਆਰਥੀ ਨੂੰ ਜੀ-20 ਦੇ ਬਾਰੇ ਵਿਸਥਾਰਪੂਰਵਕ ਦੱਸਿਆ ਗਿਆ। ਇਹ ਮੁਹਿੰਮ 5 ਸਤੰਬਰ ਤੋਂ 8 ਸਤੰਬਰ ਤੱਕ ਚਲਾਈ ਗਈ ਜਿਸ ਵਿੱਚ ਐੱਨਸੀਸੀ ਕੈਡਿਟਾਂ ਨੇ ਸਕੂਲਾਂ/ਕਾਲਜਾਂ ਵਿੱਚ ਪਲਾਸਟਿਕ ਪਲਿਊਸ਼ਨ, ਡਿਬੇਟ, ਅਵੇਅਰਨੈੱਸ ਰੈਲੀਆਂ ਕੀਤੀਆਂ ਅਤੇ ਨੁੱਕੜ ਨਾਟਕ ਅਤੇ ਪੋਸਟਰ ਬਣਾਏ। ਕਾਨਫਰੰਸ 'ਚ ਕਰਨਲ ਮਾਗੋ, ਸੂਬੇਦਾਰ ਮੇਜਰ ਗੁਰਪ੍ਰੀਤ ਸਿੰਘ, ਪੀਆਈ ਸਟਾਫ, ਏਐੱਨਓ ਸਟਾਫ ਅਤੇ 140 ਐੱਨਸੀਸੀ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੌਕੇ ਐੱਨਸੀਸੀ ਦੇ ਵਿਦਿਆਰਥੀਆਂ ਨੇ ਪਲਾਸਟਿਕ ਨੂੰ ਖਤਮ ਕਰਨ ਦੀ ਸਹੁੰ ਚੁੱਕੀ।

50 ਲੱਖ ਦੀ ਲਾਗਤ ਨਾਲ ਸਿਵਲ ਹਸਪਤਾਲ ਕਾਦੀਆਂ ਦੀ ਬਦਲੀ ਨੁਹਾਰ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਆਪ ਦੇ ਸੂਬਾ ਜਨਰਲ ਸਕੱਤਰ ਅਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਾਦੀਆਂ ਦੇ ਸਿਵਲ ਹਸਪਤਾਲ ਵਿਖੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਇੱਕ ਐਂਬੂਲੈਂਸ, ਜਨਰੇਟਰ ਅਤੇ ਵਾਟਰ ਟ੍ਰੀਟਮੈਂਟ ਪਲਾਂਟ ਸਮੇਤ ਸਿਵਲ ਹਸਪਤਾਲ ਕਾਦੀਆਂ ਦਾ ਕਰੀਬ 50 ਲੱਖ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕਰਨ ਉਪਰੰਤ ਹਸਪਤਾਲ ਦੀ ਨੁਹਾਰ ਬਦਲੀ। ਇਸ ਮੌਕੇ ਸੇਖਵਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਕਾਦੀਆਂ ਬੱਸ ਸਟੈਂਡ ਦੇ ਨੇੜੇ ਜਲਦ ਹੀ ਇੱਕ ਮੁਹੱਲਾ ਕਲੀਨਿਕ ਵੀ ਖੋਲ੍ਹਿਆ ਜਾ ਰਿਹਾ ਹੈ ਜੋ ਅਗਲੇ ਮਹੀਨੇ ਤੋਂ ਸ਼ੁਰੂ ਹੋ ਜਾਵੇਗਾ। ਉਨ੍ਹਾਂ

ਕਿਹਾ ਕਿ ਸੂਬੇ ਅੰਦਰ ਭਗਵੰਤ ਸਿੰਘ ਮਾਨ ਦੀ ਸਰਕਾਰ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਇੱਕ ਇੱਕ ਕਰਕੇ ਪੂਰੇ ਕਰ ਰਹੀ ਹੈ, ਜਿਵੇਂ ਮੁਫਤ ਬਿਜਲੀ, ਮੁਫਤ ਅਤੇ ਵਧੀਆ ਐਜੂਕੇਸ਼ਨ, ਮੁਫਤ ਸਿਹਤ ਸਹੂਲਤਾਂ ਆਦਿ। ਇਸ ਮੌਕੇ ਸਿਵਲ ਸਰਜਨ ਡਾ. ਹਰਭਜਨ ਮਾਂਡੀ, ਐੱਸਐੱਮਓ ਸਤਵਿੰਦਰ ਸਿੰਘ, ਐੱਸਐੱਮਓ ਭਾਮ ਜਤਿੰਦਰ ਭਾਟੀਆ, ਮਨਿੰਦਰ ਪਾਲ ਸਿੰਘ ਘੁੰਮਣ, ਚੇਅਰਮੈਨ ਮਾਰਕੀਟ ਕਮੇਟੀ ਕਾਹਨੂੰਵਾਨ ਡਾ. ਜਸਪਾਲ ਸਿੰਘ ਪੰਧੇਰ, ਚੇਅਰਮੈਨ ਮੋਹਨ ਸਿੰਘ ਮਾਰਕੀਟ ਕਮੇਟੀ ਕਾਦੀਆਂ, ਬਲਵਿੰਦਰ ਸਿੰਘ ਸੋਨਾ ਬਾਜਵਾ, ਡਾ. ਰਾਕੇਸ਼ ਕਾਲੀਆ ਬਲਾਕ ਪ੍ਰਧਾਨ, ਗੁਰਮੇਜ ਸਿੰਘ, ਕਰਨਬੀਰ ਸਿੰਘ ਰੰਧਾਵਾ, ਮਨਜੀਤ ਸਿੰਘ ਬੰਟੀ ਭੈਣੀ ਬਾਂਗਰ, ਸੁਖਦੇਵ ਸਿੰਘ ਗੋਲਡੀ, ਸੁਰਿੰਦਰ ਸਿੰਘ ਫੌਜੀ ਬਸਰਾਵਾਂ, ਹਰਮਨ ਬਾਜਵਾ, ਡਾ. ਲਖਵਿੰਦਰ ਕੌਰ, ਪਰਮਜੀਤ ਕੋਟ, ਅਮਰਜੀਤ ਬਸਰਾਵਾਂ, ਦਿਲਬਾਗ ਬਸਰਾਵਾਂ, ਅਮਰਬੀਰ ਸਿੰਘ, ਸ਼ੇਰਾ ਅਤੇ ਸੁਰਜੀਤ ਸਿੰਘ ਆਦਿ ਹਾਜ਼ਰ ਸਨ।

ਕੌਮੀ ਲੋਕ ਅਦਾਲਤ 'ਚ 44539 ਕੇਸਾਂ ਦਾ ਨਿਪਟਾਰਾ

ਜਲੰਧਰ-ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਮੁਤਾਬਕ ਨਿਰਭਉ ਸਿੰਘ ਗਿੱਲ ਮਾਣਯੋਗ ਜ਼ਿਲ੍ਹਾ ਤੇ ਸੈਸਨਜ਼ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਵੱਲੋਂ ਕੌਮੀ ਲੋਕ ਅਦਾਲਤ, ਜੁਡੀਸ਼ੀਅਲ ਅਦਾਲਤਾਂ ਅਤੇ ਮਾਲ ਮਹਿਕਮੇ ਵਿੱਚ ਲੰਬਿਤ ਦੀਵਾਨੀ, ਵਿਵਾਹਿਕ ਝਗੜੇ, ਮੋਟਰ ਦੁਰਘਟਨਾ ਕਲੇਮ ਕੇਸ, ਬਿਜਲੀ ਕਾਨੂੰਨ ਦੇ ਕੰਪਾਊਂਡੇਬਲ, ਟ੍ਰੈਫਿਕ ਚਲਾਨ ਅਤੇ

ਫੌਜਦਾਰੀ ਦੇ ਸਮਝੌਤਾ ਹੋ ਸਕਣ ਵਾਲੇ ਕੇਸਾਂ ਅਤੇ ਹੋਰ ਸੰਸਥਾਵਾਂ ਜਿਵੇਂ ਬੈਂਕਾਂ, ਬਿਜਲੀ ਵਿਭਾਗ, ਭਾਰਤ ਸੰਚਾਰ ਨਿਗਮ ਅਤੇ ਵਿੱਤੀ ਸੰਸਥਾਨਾਂ ਦੇ ਪ੍ਰੀਲਿਟੀਗੇਟਿਵ ਕੇਸਾਂ ਦਾ ਫੈਸਲਾ ਰਾਜੀਨਾਮੇ ਰਾਹੀਂ ਕਰਵਾਉਣ ਲਈ ਲਗਾਈ ਗਈ। ਜ਼ਿਲ੍ਹਾ ਜਲੰਧਰ ਵਿਖੇ 21, ਨਕੋਦਰ ਵਿੱਚ 2 ਅਤੇ ਫਿਲੌਰ ਵਿਖੇ 2, ਕੁੱਲ 25 ਬੈਂਚ ਸਥਾਪਿਤ ਕੀਤੇ ਗਏ ਸਨ। ਜ਼ਿਲ੍ਹਾ ਕਚਿਹਰੀਆਂ ਜਲੰਧਰ, ਨਕੋਦਰ ਅਤੇ ਫਿਲੌਰ ਵਿਖੇ ਉਪਰੋਕਤ ਸ਼੍ਰੇਣੀਆਂ ਨਾਲ ਸਬੰਧਤ ਕੁੱਲ 46981 ਕੇਸ ਸੁਣਵਾਈ ਲਈ ਰੱਖੇ ਗਏ ਸਨ ਜਿਨ੍ਹਾਂ ਵਿੱਚੋਂ 44539 ਕੇਸਾਂ ਦਾ ਨਿਪਟਾਰਾ ਮੌਕੇ 'ਤੇ ਹੀ ਰਾਜ਼ੀਨਾਮੇ ਰਾਹੀਂ ਕਰਵਾਇਆ ਗਿਆ। ਇਨ੍ਹਾਂ ਕੇਸਾਂ ਵਿੱਚ ਕੁੱਲ ਰੁਪਏ 655377238/- ਦੇ ਝਗੜੇ ਮੁਕਾਏ ਗਏ। ਅਗਲੀ ਕੌਮੀ ਲੋਕ ਅਦਾਲਤ ਮਿਤੀ 09.12.2023 ਨੂੰ ਜਲੰਧਰ, ਨਕੋਦਰ ਅਤੇ ਫਿਲੌਰ ਵਿਖੇ ਲਗਾਈ ਜਾਵੇਗੀ। ਲੋਕ ਅਦਾਲਤ ਵਿੱਚ ਮਸਲਾ ਲਗਵਾਉਣ ਲਈ ਅਤੇ ਕਾਨੂੰਨੀ ਸੇਵਾਵਾਂ ਦੀਆਂ ਹੋਰ ਸੁਵਿਧਾਵਾਂ ਬਾਰੇ ਜਾਣਕਾਰੀ ਲੈਣ ਲਈ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਟੋਲ ਫ੍ਰੀ ਨੰਬਰ 1968 'ਤੇ ਰਾਬਤਾ ਕੀਤਾ ਜਾ ਸਕਦਾ ਹੈ।

ਰੋਟਰੀ ਆਈ ਬੈਂਕ ਦੇ ਯਤਨਾਂ ਸਦਕਾ ਹਜ਼ਾਰਾਂ ਲੋਕਾਂ ਨੂੰ ਮਿਲੀ ਨਵੀਂ ਰੋਸ਼ਨੀ : ਡਾ. ਸਰੀਨ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਰੋਟਰੀ ਆਈ ਬੈਂਕ ਅਤੇ ਕੋਰਨੀਆ ਟਰਾਂਸਪਲਾਂਟੇਸ਼ਨ ਸੁਸਾਇਟੀ ਵੱਲੋਂ ਪ੍ਰਧਾਨ ਅਤੇ ਉੱਘੇ ਸਮਾਜ ਸੇਵੀ ਸੰਜੀਵ ਅਰੋੜਾ ਅਤੇ ਚੇਅਰਮੈਨ ਜੇ.ਬੀ.ਬਹਿਲ ਦੀ ਅਗਵਾਈ ਹੇਠ ਅੱਖਾਂ ਦਾਨ ਪੰਦਰਵਾੜੇ ਤਹਿਤ ਹਿਜ਼ ਐਕਸੀਲੈਂਟ ਕੋਚਿੰਗ ਸੈਂ

10-Sep-PAGE- 7 qxd.qxd 9/9/2023 9:18 PM Page 1

ਆਸ਼ਾ ਵਰਕਰਜ਼ ਤੇ ਫੈਸਿਲੀਟੇਟਰ ਯੂਨੀਅਨ ਵਲੋਂ ਸਿਵਲ ਸਰਜਨ ਦਫਤਰ ਦਾ ਘਿਰਾਓ

ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)- ਆਸ਼ਾ ਵਰਕਰਜ਼ ਅਤੇ ਫੈਸਿਲੀਟੇਟਰ ਯੂਨੀਅਨ ਪੰਜਾਬ, ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਆਪਣੀਆਂ ਮੰਗਾਂ ਅਤੇ ਆਭਾ ਦੀਆਂ ਆਈ.ਡੀਜ਼ ਬਣਾ ਕੇ ਆਨ ਲਾਈਨ ਕੰਮ ਕਰਨ ਲਈ ਪਾਏ ਜਾ ਰਹੇ ਦਬਾਅ ਦੇ ਵਿਰੋਧ ਵਿੱਚ ਸਿਵਲ ਸਰਜਨ ਹੁਸ਼ਿਆਰਪੁਰ ਦੇ ਵਿਰੁੱਧ ਜ਼ਿਲ੍ਹਾ ਪ੍ਰਧਾਨ ਹਰਨਿੰਦਰ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਰੈਲੀ ਕੀਤੀ ਗਈ। ਇਸ ਮੌਕੇ ਸਿਵਲ ਸਰਜਨ ਅਤੇ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜੀ ਕੀਤੀ ਗਈ। ਜੱਥੇਬੰਦੀਆਂ ਦੀਆਂ ਆਗੂਆਂ ਰੂਬੀ ਬਾਲਾ, ਪਰਮਜੀਤ ਕੌਰ, ਜਸਵੀਰ ਕੌਰ, ਰਾਜ ਕੁਮਰੀ, ਰਜਨੀ, ਮਨਜੀਤ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਜ਼ਿਲ੍ਹੇ ਦੀਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਦੀਆਂ ਮੰਗਾਂ ਸਬੰਧੀ ਪਿਛਲੇ ਸਮੇਂ ਦੌਰਾਨ ਮੀਟਿੰਗਾਂ ਕੀਤੀਆਂ ਗਈਆਂ ਹਨ ਪ੍ਰੰਤੂ ਇਹਨਾਂ ਮੀਟਿੰਗਾਂ ਦੌਰਾਨ ਹੋਏ ਫੈਸਲਿਆਂ ਨੂੰ ਸਿਵਲ ਸਰਜਨ ਵਲੋਂ ਲਾਗੂ ਨਹੀਂ ਕੀਤਾ ਗਿਆ ਅਤੇ ਨਾ ਹੀ ਦਫਤਰ ਵਲੋਂ ਮੀਟਿੰਗਾਂ ਦੀਆਂ ਪ੍ਰੋਸੀਡਿੰਗਾਂ ਸੌਂਪੀਆਂ ਗਈਆਂ ਹਨ। ਬਲਾਕ ਅਧਿਕਾਰੀਆਂ ਵਲੋਂ ਆਸ਼ਾ ਵਰਕਰਾਂ ਤੇ ਆਭਾ ਦੀਆਂ ਆਈ.ਡੀਜ਼ ਬਣਾ ਕੇ ਆਨ-ਲਾਈਨ ਕੰਮ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ। ਬੁਲਾਰਿਆਂ ਨੇ ਕਿਹਾ ਕਿ ਬਹੁਤ ਸਾਰੀਆਂ ਆਸ਼ਾਂ ਵਰਕਰਾਂ ਕੋਲ ਸਮਾਰਟ ਫੋਨ ਨਹੀਂ ਹਨ ਅਤੇ ਪਿੰਡਾਂ ਅੰਦਰ ਨੈਟਵਰਕ ਵੀ ਨਹੀਂ ਹੈ। ਆਨ ਲਾਈਨ ਦਾ ਕੰਮ ਕਰਨਾ ਵਿੱਚ ਆਸ਼ਾ ਵਰਕਰਾਂ ਅਸਮਰੱਥ ਹਨ। ਰੈਲੀ ਦੇ ਰੋਹ ਨੂੰ ਦੇਖਦਿਆਂ ਸਿਵਲ ਸਰਜਨ ਵਲੋਂ ਰੈਲੀ ਵਿੱਚ ਪਹੁੰਚ ਕੇ ਮੰਗ ਪੱਤਰ ਪ੍ਰਾਪਤ ਕੀਤਾ ਗਿਆ ਅਤੇ ਐਲਾਨ ਕੀਤਾ ਗਿਆ ਕਿ ਜ਼ਿਲ੍ਹੇ ਅੰਦਰ ਕਿਸੇ ਵੀ ਅਧਿਕਾਰੀ ਵਲੋਂ ਆਸ਼ਾ ਵਰਕਰਾਂ ਨੂੰ ਆਭਾ ਦਾ ਕੰਮ ਕਰਨ ਲਈ ਮਜਬੂਰ ਨਹੀਂ ਕਰੇਗਾ। ਬਾਕੀ ਮੰਗਾਂ ਸਬੰਧੀ ਵੀ ਉਹਨਾਂ ਵਲੋਂ ਬਹੁਤ ਜਲਦ ਉਹਨਾਂ ਨੂੰ ਹੱਲ ਕਰਨ ਦਾ ਯਕੀਨ ਦਵਾਇਆ ਗਿਆ। ਘਰਨਾਕਾਰੀਆਂ ਵਲੋਂ ਐਲਾਨ ਕੀਤਾ ਗਿਆ ਕਿ ਜੇਕਰ ਕਿਸੇ ਵੀ ਬਲਾਕ ਅਧਿਕਾਰੀ ਵਲੋਂ ਆਸ਼ਾ ਵਰਕਰਾਂ 'ਤੇ ਆਭਾ ਦਾ ਕੰਮ ਕਰਨ ਦਾ ਦਬਾਅ ਪਾਇਆ ਗਿਆ ਤਾਂ ਉਸ ਅਧਿਕਾਰੀ ਵਿਰੁੱਧ ਸੰਘਰਸ਼ ਦਾ ਮੋਰਚਾ ਖੋਲਿਆ ਜਾਵੇਗਾ। ਇਸ ਮੌਕੇ ਪ.ਸ.ਸ.ਫ. ਆਗੂ ਮੱਖਣ ਸਿੰਘ ਲੰਗੇਰੀ, ਮਨਜੀਤ ਬਾਜਵਾ, ਪੰਨਸ਼ਨਰ ਆਗੂ ਮਨਜੀਤ ਸਿੰਘ ਸੈਣੀ, ਡਾ. ਸੁਖਦੇਵ ਸਿੰਘ ਢਿੱਲੋਂ, ਕਿਸਾਨ ਆਗੂ ਦਵਿੰਦਰ ਸਿੰਘ ਕੱਕੋਂ, ਨਿਰਮਾਣ ਮਜਦੂਰ ਯੂਨੀਅਨ ਆਗੂ ਗੰਗਾ ਪ੍ਰਸ਼ਾਦ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਸਿਵਲ ਸਰਜਨ ਵਲੋਂ ਆਸ਼ਾ ਵਰਕਰਾਂ ਦੀਆਂ ਮੰਗਾਂ ਨੂੰ ਹੱਲ ਨਾ ਕੀਤਾ ਗਿਆ ਤਾਂ ਸਮੂਹ ਜੱਥੇਬੰਦੀਆਂ ਵਲੋਂ ਦਫਤਰ ਦਾ ਘਰਾਓ ਕੀਤਾ ਜਾਵੇਗਾ।

ਕੌਮੀ ਸਿੱਖਿਆ ਨੀਤੀ 2020 ਤੇ ਸਕੂਲ ਆਫ ਐਮੀਨੈਂਸ ਦੇ ਮਾਰੂ ਪ੍ਰਭਾਵਾਂ 'ਤੇ ਸੈਮੀਨਾਰ

ਜਲੰਧਰ (ਸ਼ੈਲੀ ਐਲਬਰਟ) ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੇ ਸੱਦੇ 'ਤੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਕੌਮੀਂ ਸਿੱਖਿਆ ਨੀਤੀ 2020 ਤੇ ਸਕੂਲ ਆਫ ਐਮੀਨੈਸ ਨੀਤੀ ਦੇ ਮਾਰੂ ਪ੍ਰਭਾਵਾਂ 'ਤੇ ਸੂਬਾਈ ਸੈਮੀਨਾਰ ਸਫਲਤਾ ਪੂਰਵਕ ਸੰਪੰਨ ਹੋਇਆ। ਜਿਸ ਵਿੱਚ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੇ ਜ਼ਿਲ੍ਹਿਆਂ ਦੇ ਸੈਂਕੜੇ ਮੁੱਖ ਅਹੁਦੇਦਾਰਾਂ ਨੇ ਭਾਗ ਲਿਆ। ਇਸ ਸੈਮੀਨਾਰ ਦੀ ਪ੍ਰਧਾਨਗੀ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਅਮਨਦੀਪ ਸ਼ਰਮਾ, ਮਨੋਹਰ ਲਾਲ ਸ਼ਰਮਾਂ, ਕੁਲਦੀਪ ਦੌੜਕਾ, ਕੁਲਦੀਪ ਪੂਰੋਵਾਲ, ਜਸਵੀਰ ਤਲਵਾੜਾ, ਹਰਨੇਕ ਮਾਵੀ, ਗੁਰਪ੍ਰੀਤ ਅੰਮੀਵਾਲ, ਬਲਵਿੰਦਰ ਭੁੱਟੋ,ਹਰਿੰਦਰ ਮੱਲੀਆਂ, ਜੱਜ ਪਾਲ ਬਾਜੇਕੇ ਨੇ ਕੀਤੀ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਸਾਬਕਾ ਟਰੇਡ ਯੂਨੀਅਨ ਆਗੂ ਤੇ ਉੱਘੇ ਸਿੱਖਿਆ ਸ਼ਾਸ਼ਤਰੀ ਸੁੱਚਾ ਸਿੰਘ ਖੱਟੜਾ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਵਲੋਂ ਸਾਂਝੇ ਤੌਰ 'ਤੇ ਲਾਗੂ ਕੀਤੀ ਜਾ ਰਹੀ ਨਵੀਂ ਕੌਮੀ ਸਿੱਖਿਆ ਨੀਤੀ 2020 ਪੰਜਾਬ ਤੇ ਦੇਸ਼ ਦੀ ਜਨਤਕ ਸਿੱਖਿਆ ਨੂੰ ਤਬਾਹ ਕਰ ਦੇਵੇਗੀ। ਉਹਨਾਂ ਕਿਹਾ ਕਿ ਨਵੀਂ ਸਿੱਖਿਆ ਨੀਤੀ ਤਹਿਤ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਸਿੱਖਿਆ ਦੇ ਖੇਤਰ ਵਿੱਚ ਲੁੱਟ ਕਰਨ ਲਈ ਸਿੱਧੇ ਪੂੰਜੀ ਨਿਵੇਸ਼ ਕਰਨ ਦੀ ਇਜਾਜਤ ਦਿੱਤੀ ਜਾ ਰਹੀ ਹੈ ਤੇ ਉਹਨਾਂ ਨੂੰ ਨਿੱਜੀ ਯੂਨੀਵਰਸਿਟੀਆਂ ਖੋਹਲਣ ਦੀ ਇਜਾਜਤ ਦਿੱਤੀ ਜਾ ਰਹੀ ਹੈ। ਜਿਸ ਕਾਰਨ ਗਰੀਬ ਲੋਕਾਂ ਲਈ ਸਿੱਖਿਆ ਸੁਪਨਾ ਹੀ ਬਣ ਕੇ ਰਹਿ ਜਾਵੇਗੀ। ਆਨਲਾਈਨ ਪੜ੍ਹਾਈ ਨਾਲ ਅਧਿਆਪਕਾਂ ਦੀ ਨਵੀਂ ਭਰਤੀ ਵਿਚ ਵੀ ਖੜੋਤ ਆਵੇਗੀ ਤੇ ਲੱਖਾਂ ਟਰੇਂਡ ਬੇਰੁਜਗਾਰ ਅਧਿਆਪਕਾਂ ਦੀਆਂ ਆਸਾਂ 'ਤੇ ਵੀ ਪਾਣੀ ਫਿਰ ਜਾਵੇਗਾ। ਉਹਨਾਂ ਕਿਹਾ ਕਿ ਸਿੱਖਿਆ ਵਿੱਚ ਸਕੂਲ ਆਫ ਐਮੀਨੈਂਸ ਦਾ ਪ੍ਰੋਜੈਕਟ ਵੀ ਸਿੱਖਿਆ ਵਿੱਚ ਪਾੜੇ ਨੂੰ ਹੋਰ ਵਧਾਏਗਾ। ਉਨ੍ਹਾਂ ਕਿਹਾ ਕਿ ਗਰੀਬਾਂ ਦੀ ਜਨਤਕ ਸਿੱਖਿਆ ਨੂੰ ਬਚਾਉਣ ਲਈ ਅਧਿਆਪਕਾਂ ਨੂੰ ਜਥੇਬੰਦਕ ਤੌਰ ਤੇ ਹੋਰ ਮਜਬੂਤ ਹੋਣ ਦੀ ਲੋੜ ਹੈ। ਇਸ ਸਮੇਂ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਨੇ ਕਿਹਾ ਕਿ ਪੰਜਾਬ ਦੇ ਵਿਰਸੇ, ਸੱਭਿਆਚਾਰ ਤੇ ਭੂਗੋਲਿਕ ਖੇਤਰ ਤੇ ਆਰਥਿਕ ਲੋੜਾਂ ਨੂੰ ਮੁੱਖ ਰੱਖ ਕੇ ਪੰਜਾਬ ਦੀ ਆਪਣੀ ਸਿੱਖਿਆ ਨੀਤੀ ਬਣਾਉਣਾ ਸਮੇਂ ਦੀ ਮੁੱਖ ਲੋੜ ਹੈ। ਜਥੇਬੰਦੀ ਦੇ ਸਕੱਤਰ ਗੁਰਬਿੰਦਰ ਸਿੰਘ ਸਸਕੌਰ ਨੇ ਸਟੇਜ ਸੰਚਾਲਕ ਦੀ ਭੂਮਿਕਾ ਨਿਭਾਈ। ਇਸ ਸਮੇਂ ਮੰਗ ਕੀਤੀ ਕਿ ਕੱਚੇ ਅਧਿਆਪਕ ਪੱਕੇ ਕੀਤੇ ਜਾਣ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਕੀਤਾ ਜਾਵੇ, ਖਾਲੀ ਅਸਾਮੀਆਂ ਤੇ ਅਧਿਆਪਕਾਂ ਦੀ ਰੈਗੂਲਰ ਭਰਤੀ ਕੀਤੀ ਜਾਵੇ, ਬਦਲੀ ਨੀਤੀ ਅਧਿਆਪਕ ਜਥੇਬੰਦੀਆਂ ਦੇ ਸੁਝਾਵਾਂ ਅਨੁਸਾਰ ਸੋਧ ਕੇ ਪਾਰਦਰਸ਼ਤਾ ਨਾਲ ਲਾਗੂ ਕੀਤੀ ਜਾਵੇ, ਸਕੂਲਾਂ ਤੋਂ ਬਾਹਰ ਵੱਖ ਵੱਖ ਪ੍ਰੋਜੈਕਟਾਂ ਵਿੱਚ ਲੱਗੇ ਅਧਿਆਪਕਾਂ ਨੂੰ ਤਰੁੰਤ ਸਕੂਲਾਂ ਵਿੱਚ ਭੇਜਿਆ ਜਾਵੇ, ਅਧਿਆਪਕ ਅੰਦੋਲਨਾਂ ਦੌਰਾਨ ਅਧਿਆਪਕਾਂ ਦੀਆਂ ਕੀਤੀਆਂ ਸਾਰੀਆਂ ਵਿਕਟੇਮਾਈਜੇਸ਼ਨਾਂ ਰੱਦ ਕੀਤੀਆਂ ਜਾਣ ਆਦਿ। ਇਸ ਸਮੇਂ ਕੁਲਵਿੰਦਰ ਮੁਕਤਸਰ, ਹੀਰਾ ਭੱਟੀ, ਰਵਿੰਦਰ ਸਿੰਘ ਪੱਪੀ, ਹਰਨੇਕ ਮਾਵੀ, ਸੁਖਵਿੰਦਰ ਮੱਕੜ, ਹਰਮਨ ਵਾਲੀਆਂ, ਵਿਨੋਧ ਭੱਟੀ, ਪਰੇਮ ਖਲਵਾੜਾ, ਸੁਖਵਿੰਦਰ ਰਾਮ, ਜਗਸੀਰ ਗਿੱਲ, ਬਲਵਿੰਦਰ ਸੰਧੂ, ਭੁਪਿੰਦਰ ਸਿੰਘ, ਹਰਪਾਲ ਸਿੰਘ, ਕੁਲਦੀਪ ਸਿੰਘ, ਗੁਰਮੀਤ ਸਿੰਘ, ਨਰਿੰਦਰ ਮਾਖਾ, ਗੁਰਦਾਸ ਸਿੰਘ, ਬਲਵਿੰਦਰ ਉੱਪਲ, ਸਤੀਸ਼ ਕੁਮਾਰ, ਹਰਦੀਪ ਸਿੰਘ, ਰਣਵੀਰ ਸਿੰਘ, ਅਨੁਪਮ, ਅਮਰ ਸਿੰਘ, ਪਰਸ ਰਾਮ, ਗੁਰਚਰਨ ਸਿੰਘ, ਜਸਵੰਤ ਮੁਕੇਰੀਆਂ, ਅਮਰਜੀਤ ਸਿੰਘ, ਰਜਿੰਦਰ ਰਾਜਨ, ਚਰਨਜੀਤ ਸਿੰਘ, ਜਗਤਾਰ ਸਿੰਘ, ਕੁਲਦੀਪ ਸਿੰਘ ਗਿੱਲ, ਗੁਰਪ੍ਰੀਤ ਗਿੱਲ, ਰਵੀ ਕੁਮਾਰ, ਵੇਦ ਪਰਕਾਸ਼, ਯਾਦਵਿੰਦਰ ਸਿੰਘ, ਇੰਦਰਜੀਤ ਸਿੰਘ, ਸੁਰਜੀਤ ਸਿੰਘ ਫੇਰੂਮਾਨ, ਪ੍ਰਭਜੋਤ ਸਿੰਘ, ਸਤੀਸ਼ ਸਹੂੰਗੜਾ, ਮਲਕੀਅਤ ਪੱਤੀ, ਰਵੀ ਦੱਤ ਪਠਾਨਕੋਟ ਆਦਿ ਹਾਜਰ ਸਨ।

ਟੈਂਟ ਵਾਲੇ ਤੋਂ ਮਾਰੀ 2 ਲੱਖ ਦੀ ਠੱਗੀ

ਫਿਲੌਰ (ਨਿਰਮਲ)- ਵਿਸ਼ਾਲ ਟੈਂਟ ਹਾਊਸ ਨੂਰਮਹਿਲ ਰੋਡ ਫਿਲੌਰ ਦੇ ਮਾਲਕ ਵਿਸ਼ਾਲ ਨੇ ਦੱਸਿਆ ਕਿ ਇਕ ਵਿਅਕਤੀ ਮੇਰੀ ਦੁਕਾਨ 'ਤੇ ਆਇਆ ਅਤੇ ਕਿਹਾ ਕਿ ਲੰਗਰ ਲਗਾਉਣਾ ਹੈ, ਬਰਤਨ ਆਦਿ ਚਾਹੀਦੇ ਹਨ। ਉਹ ਮੇਰੇ ਕੋਲੋਂ 18 ਪਤੀਲੇ, 12 ਪ੍ਰਾਤਾਂ, ਵੱਡੇ ਟੱਬ ਡੋਂਗੇ ਮੇਂਜ ਕੁਰਸੀਆਂ ਅਤੇ ਹੋਰ ਸਮਾਨ ਟੈਂਪੂ ਵਿੱਚ ਲੱਦ ਕੇ ਲੈ ਗਿਆ। ਜਿਸ ਦੀ ਕੀਮਤ ਲਗਭਗ 2 ਲੱਖ ਰੁਪਏ ਬਣਦੀ ਹੈ, ਆਪਣਾ ਆਧਾਰ ਕਾਰਡ ਦਿਖਾਇਆ ਅਤੇ ਕੁਝ ਪੈਸੇ ਨਕਦ ਵੀ ਦਿੱਤੇ ਅਤੇ ਬਕਾਇਆ ਸ਼ਾਮ ਨੂੰ ਆ ਕੇ ਦੇਣ ਦਾ ਭਰੋਸਾ ਦਿੱਤਾ। ਮੈਂ ਲੰਗਰ ਦੇ ਨਾਂਅ 'ਤੇ ਯਕੀਨ ਕਰ ਲਿਆ ਪਰ ਉਹ ਮੁੜਕੇ ਨਹੀਂ ਆਇਆ ਨਾ ਹੀ ਸਮਾਨ ਵਾਪਸ ਕੀਤਾ। ਉਸ ਦੀਆਂ ਫੋਟੋ ਸੀ.ਸੀ.ਟੀ.ਵੀ ਕੈਮਰੇ ਵਿੱਚ ਕੈਦ ਹਨ। ਇਸ ਸਬੰਧ ਵਿੱਚ ਥਾਣਾ ਫਿਲੌਰ ਵਿਖੇ ਰਿਪੋਟ ਦਿੱਤੀ। ਮੌਕੇ 'ਤੇ ਥਾਣੇਦਾਰ ਧਰਮਿੰਦਰ ਪੁਲਸ ਕਰਮਚਾਰੀਆਂ ਨਾਲ ਪੁੱਜੇ ਅਤੇ ਦੱਸਿਆ ਕਿ ਟੈਂਟ ਮਾਲਕ ਦੇ ਬਿਆਨਾਂ 'ਤੇ ਮਾਮਲਾ ਦਰਜ ਕਰਕੇ ਕਾਰਵਾਈ ਕੀਤੀ ਜਾਵੇਗੀ ਅਤੇ ਠੱਗੀ ਮਾਰਨ ਵਾਲੇ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਹਰਦੋ ਸ਼ੇਖਾਂ ਵਿਖੇ ਬਾਪੂ ਗੁਰਦੀਪ ਸ਼ਾਹ ਦਾ ਸਾਲਾਨਾ ਸਮਾਗਮ 21 ਨੂੰ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਪਾਕਿ ਪਵਿੱਤਰ ਅਸਥਾਨ ਰਹਿਮਤਾਂ ਦੇ ਦਰਬਾਰ ਅਤੇ ਸੂਫੀ ਦਰਗਾਹ ਅਸਤਾਨਾ ਔਲੀਆ ਹਜ਼ਰਤ ਸ਼ਾਹ ਬਾਬਾ ਮੁੱਲਾਹ ਬਦਰ ਪਿੰਡ ਹਰਦੋ ਸ਼ੇਖਾਂ ਨੇੜੇ ਨੂਰਮਹਿਲ (ਸਰੀਂਹ-ਸ਼ੰਕਰ) ਜ਼ਿਲ੍ਹਾ ਜਲੰਧਰ ਵਿਖੇ ਸੱਚਖੰਡ ਵਾਸੀ ਬਾਪੂ ਗੁਰਦੀਪ ਸ਼ਾਹ ਜੀ ਦੀ ਚੌਥੀ ਬਰਸੀ 'ਤੇ ਵਿਸ਼ੇਸ਼ ਸਮਾਗਮ ਕਰਵਾਇਆ ਜਾ ਰਿਹਾ ਹੈ। ਸਮਾਗਮ ਸੰਬੰਧੀ ਦਰਬਾਰ ਗੱਦੀ ਨਸ਼ੀਨ ਨਿਹਾਲ ਸਿੰਘ ਮਾਹਲ ਤੇ ਸਿੱਧਮ ਦਵਾਖਾਨਾ ਤੇ ਆਸਟਰੋ ਰਿਸਰਚ ਸੈਂਟਰ (ਰਜਿ.) ਦੇ ਸੰਚਾਲਕ ਦਰਬਾਰ ਪ੍ਰਬੰਧਕ ਡਾ. ਵਿਜੇ ਕੁਮਾਰ ਸਿੱਧਮ ਨੇ ਮੀਟਿੰਗ 'ਚ ਲਏ ਗਏ ਫ਼ੈਸਲੇ ਸੰਬੰਧੀ ਦੱਸਿਆ ਕਿ ਬਾਪੂ ਗੁਰਦੀਪ ਸ਼ਾਹ ਜੀ ਦੀ ਚੌਥੀ ਬਰਸੀ 'ਤੇ ਵਿਸ਼ੇਸ਼ ਸਮਾਗਮ 21 ਸਤੰਬਰ ਨੂੰ ਅਥਾਹ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਡਾ. ਸਿੱਧਮ ਨੇ ਅੱਗੇ ਦੱਸਿਆ ਕਿ ਸੰਤ ਮਹਾਂਪੁਰਸ਼ਾਂ ਦੇ ਵੱਖ ਵੱਖ ਦਰਬਾਰਾਂ ਦੀਆਂ ਗੱਦੀਨਸ਼ੀਨ ਸਰਕਾਰਾਂ ਦੀ ਹਾਜ਼ਰੀ 'ਚ ਪਵਿੱਤਰ ਦਰਗਾਹਾਂ (ਰੌਜਿਆਂ) 'ਤੇ ਚਾਦਰਾਂ ਚੜ੍ਹਾਈਆਂ ਜਾਣਗੀਆਂ। ਉਪਰੰਤ ਮਹਿਫ਼ਲ-ਏ-ਕਵਾਲ 'ਚੋਂ ਅਨੇਕਾਂ ਕਲਾਕਾਰ ਤੇ ਕਵਾਲ ਹਾਜ਼ਰੀ ਭਰਨਗੇ।

ਪਟਵਾਰੀਆਂ ਦੇ ਮਾਣ ਭੱਤੇ 'ਚ ਵਾਧਾ ਸ਼ਲਾਘਾਯੋਗ ਫੈਸਲਾ : ਸੰਘਾ

ਕਾਲਾ ਸੰਘਿਆਂ (ਮਨਜੀਤ ਮਾਨ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਟ੍ਰੇਨਿੰਗ ਵਿੱਚ ਕੰਮ ਕਰਦੇ ਅਤੇ ਨਵੇਂ ਭਰਤੀ ਪਟਵਾਰੀਆਂ ਦੇ ਮਾਨ ਭੱਤੇ ਵਿੱਚ ਤਿੰਨ ਗੁਣਾ ਨਾਲੋਂ ਵੀ ਜਿਆਦਾ ਵਾਧਾ ਕਰਕੇ ਇਕ ਸ਼ਲਾਘਾਯੋਗ ਫੈਸਲਾ ਕੀਤਾ ਗਿਆ ਹੈ। ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਸਤਨਾਮ ਸਿੰਘ ਸੰਘਾ ਨੇ ਕੀਤਾ। ਸੰਘਾ ਨੇ ਕਿਹਾ ਕਿ ਟ੍ਰੇਨਿੰਗ 'ਤੇ ਕੰਮ ਕਰਦੇ ਪਟਵਾਰੀਆਂ ਨੂੰ ਪਹਿਲਾਂ 5 ਹਜਾਰ ਮਾਨ ਭੱਤਾ ਮਿਲਦਾ ਸੀ ਜੋ ਕਿ ਅੱਜ ਵਧਾ ਕੇ 18 ਹਜਾਰ ਕਰ ਦਿੱਤਾ ਹੈ। ਇਸ ਨਾਲ ਹੀ ਮੁੱਖ ਮੰਤਰੀ ਨੇ ਨਵੇਂ ਪਟਵਾਰੀਆਂ ਨੂੰ ਦਿਲ ਲਗਾ ਕੇ ਲੋਕਾਂ ਦੇ ਕੰਮ ਕਰਨ ਦੀ ਅਪੀਲ ਵੀ ਕੀਤੀ ਅਤੇ ਕਿਹਾ ਕਿ ਆਪਾਂ ਸਾਰਿਆਂ ਨੇ ਰਲ ਮਿਲ ਕੇ ਭ੍ਰਿਸ਼ਟਾਚਾਰ ਮੁਕਤ ਪੰਜਾਬ ਬਣਾਉਣਾ ਹੈ। ਆਮ ਆਦਮੀ ਪਾਰਟੀ ਵੋਟਾਂ ਤੋਂ ਪਹਿਲਾਂ ਆਪਣੇ ਕੀਤੇ ਵਾਅਦੇ ਇਕ ਇਕ ਕਰਕੇ ਪੂਰੇ ਕਰ ਰਹੀ ਹੈ ਅਤੇ ਆਉਂਦੀਆਂ ਪੰਚਾਇਤੀ ਵੋਟਾਂ ਤੇ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਵੱਡੀ ਜਿੱਤ ਹਾਸਲ ਕਰੇਗੀ ।

ਪਟਵਾਰੀਆਂ ਵਲੋਂ ਅਸਤੀਫ਼ਾ ਦਿੱਤੇ ਜਾਣ ਦੀਆਂ ਰਿਪੋਰਟਾਂ ਦਾ ਖੰਡਨ

ਜਲੰਧਰ, (ਸੁਰਿੰਦਰ ਕੁਮਾਰ) ਸਥਾਨਕ ਪ੍ਰਸ਼ਾਸਨ ਨੇ 17 ਪਟਵਾਰੀਆਂ ਵਲੋਂ ਅਸਤੀਫ਼ਾ ਦਿੱਤੇ ਜਾਣ ਸਬੰਧੀ ਮੀਡੀਆ ਵਿੱਚ ਚੱਲ ਰਹੀਆਂ ਰਿਪੋਰਟਾਂ ਦਾ ਖੰਡਨ ਕੀਤਾ ਹੈ। ਮੀਡੀਆ ਦੇ ਇਕ ਹਿੱਸੇ ਵਿੱਚ 17 ਪਟਵਾਰੀਆਂ ਵਲੋਂ ਅਸਤੀਫ਼ਾ ਦਿੱਤੇ ਜਾਣ ਦੀ ਖ਼ਬਰ ਵਾਇਰਲ ਹੋਈ ਸੀ । ਰਿਪੋਰਟਾਂ ਦਾ ਪੂਰੀ ਤਰ੍ਹਾਂ ਖੰਡਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਅਜੇ ਤੱਕ ਕਿਸੇ ਵੀ ਸੇਵਾ ਮੁਕਤ ਪਟਵਾਰੀ ਪਾਸੋਂ ਅਸਤੀਫ਼ਾ ਪ੍ਰਾਪਤ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੁਝ ਸਮੇਂ ਪਹਿਲਾਂ ਹੀ ਜ਼ਿਲ੍ਹਾ ਪ੍ਰਸ਼ਾਸਨ ਵਲੋਂ 59 ਸੇਵਾ ਮੁਕਤ ਪਟਵਾਰੀਆਂ ਨੂੰ ਠੇਕੇ 'ਤੇ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪਟਵਾਰੀਆਂ ਤੋਂ ਕੰਮ ਦਾ ਭਾਰ ਘਟਾਉਣ ਲਈ ਅਤੇ ਇਨ੍ਹਾਂ ਦੀ ਸਹਾਇਤਾ ਲਈ ਪ੍ਰਸ਼ਾਸਨ ਵਲੋਂ 80 ਨਵੇਂ ਟਰੇਨੀ ਪਟਵਾਰੀਆਂ ਨੂੰ ਉਨ੍ਹਾਂ ਨਾਲ ਲਗਾਇਆ ਗਿਆ ਹੈ।

ਨਸ਼ੀਲੇ ਪਦਾਰਥਾਂ ਸਮੇਤ 2 ਕਾਬੂ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ) ਥਾਣਾ ਸੁਲਤਾਨਪੁਰ ਲੋਧੀ ਦੀ ਪੁਲਸ ਨੇ 22 ਗ੍ਰਾਮ ਨਸ਼ੀਲਾ ਪਾਊਡਰ ਅਤੇ 10 ਗ੍ਰਾਮ ਹੈਰੋਇਨ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਥਾਣਾ ਸੁਲਤਾਨਪੁਰ ਲੋਧੀ ਦੇ ਮੁਖੀ ਸਬ ਇੰਸਪੈਕਟਰ ਲਖਵਿੰਦਰ ਸਿੰਘ ਟੁਰਨਾ ਨੇ ਦੱਸਿਆ ਕਿ ਏ.ਐਸ.ਆਈ ਦਿਲਬਾਗ ਸਿੰਘ ਸਮੇਤ ਪੁਲਸ ਪਾਰਟੀ ਕੱਚਾ ਰਸਤਾ ਮੋਠਾਂਵਾਲਾ ਵਿਖੇ ਦੌਰਾਨੇ ਗਸ਼ਤ ਮੌਜੂਦ ਸਨ ਤਾਂ ਇਸੇ ਦੌਰਾਨ ਦੋ ਵਿਅਕਤੀਆਂ ਨੂੰ ਪਿੰਡ ਲਾਟੀਆਂਵਾਲ ਦੀ ਤਰਫੋਂ ਆਉਂਦੇ ਦੇਖਿਆ। ਪੁਲਸ ਪਾਰਟੀ ਨੂੰ ਦੇਖਦਿਆਂ ਹੀ ਦੋਵੇ

10-Sep-PAGE- 8 qxd.qxd 9/9/2023 9:17 PM Page 1

ਸ੍ਰੀ ਅਨੰਦਪੁਰ ਸਾਹਿਬ ਦੇ ਵਿਕਾਸ 'ਚ ਕੋਈ ਕਸਰ ਨਹੀਂ ਰਹਿਣ ਦਿੱਤੀ ਜਾਵੇਗੀ : ਬੈਂਸ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ ਨੇ ਸ੍ਰੀ ਅਨੰਦਪੁਰ ਸਾਹਿਬ ਨਗਰ ਕੌਂਸਲ ਦੇ ਮੀਤ ਪ੍ਰਧਾਨ ਅਤੇ ਉਪ ਮੀਤ ਪ੍ਰਧਾਨ ਦੀ ਸਰਬਸੰਮਤੀ ਨਾਲ ਹੋਈ ਚੋਣ ਲਈ ਸ਼ਹਿਰ ਵਾਸੀਆਂ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਨੇ ਦੱਸਿਆ ਕਿ ਨਗਰ ਕੌਂਸਲ ਦੇ ਮੀਤ ਪ੍ਰਧਾਨ ਲਈ ਸ੍ਰੀਮਤੀ ਪ੍ਰਵੀਨ ਕੌਸ਼ਲ ਅਤੇ ਉਪ ਮੀਤ ਪ੍ਰਧਾਨ ਲਈ ਗੀਤਾ ਅਡਵਾਲ ਸਰਬਸੰਮਤੀ ਨਾਲ ਚੁਣੇ ਗਏ ਹਨ।

ਇਸ ਚੋਣ ਪ੍ਰਕਿਰਿਆ ਦੇ ਮੁਕੰਮਲ ਹੋਣ ਨਾਲ ਵਿਕਾਸ ਦੀ ਰਫਤਾਰ ਨੂੰ ਹੋਰ ਗਤੀ ਮਿਲੇਗੀ। ਬੈਂਸ ਨੇ ਕਿਹਾ ਕਿ ਗੁਰੂ ਸਹਿਬਾਨ ਦੀ ਚਰਨ ਛੋਹ ਪ੍ਰਾਪਤ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀ ਰਹਿਣ ਦਿੱਤੀ ਜਾਵੇਗੀ। ਨਗਰ ਕੌਂਸਲ ਵਿੱਚ ਸ਼ਹਿਰ ਦੇ ਮਸਲੇ ਹੋਰ ਤੇਜੀ ਨਾਲ ਹੱਲ ਹੋਣਗੇ, ਡੇਂਗੂ ਅਤੇ ਹੋਰ ਮੌਸਮੀ ਬਿਮਾਰੀਆ ਨਾਲ ਨਜਿੱਠਣ ਲਈ ਨਗਰ ਕੌਂਸਲ ਵੱਲੋਂ ਫੋਗਿੰਗ, ਦਵਾਈਆਂ ਦਾ ਛਿੜਕਾਅ, ਸਵੱਛਤਾ ਦੀ ਵਿਆਪਕ ਮੁਹਿਮ ਅਰੰਭ ਕਰ ਦਿੱਤੀ ਹੈ। ਵਾਤਾਵਰਣ ਤੇ ਪੌਣ ਪਾਣੀ ਦੀ ਸਾਭ ਸੰਭਾਲ ਅਤੇ ਇਸ ਇਲਾਕੇ ਨੂੰ ਹਰਿਆ ਭਰਿਆ ਰੱਖਣ ਦੀ ਮੁਹਿਮ ਤਹਿਤ ਕੈਬਨਿਟ ਮੰਤਰੀ ਨੇ ਨਗਰ ਕੌਂਸਲ ਦੇ ਅਹਾਤੇ ਵਿੱਚ ਪੌਦਾ ਲਗਾਇਆ ਅਤੇ ਗੁਰੂ ਨਗਰੀ ਦੀ ਸਮੁੱਚੀ ਜਾਣਕਾਰੀ ਦੇਣ ਵਾਸਤੇ ਲਗਾਈ ਐਲ.ਈ.ਡੀ ਸਕਰੀਨ ਅਤੇ ਨਗਰ ਵਿੱਚ ਸਵੱਛਤਾ ਮੁਹਿਮ ਦੀ ਸੁਰੂਆਤ ਕੈਬਨਿਟ ਮੰਤਰੀ ਨੇ ਕੀਤੀ। ਉਨ੍ਹਾਂ ਨੇ ਇਸ ਚੋਣ ਪ੍ਰਕਿਰਿਆ ਨੂੰ ਸ਼ਹਿਰ ਦੇ ਵਿਕਾਸ ਦਾ ਮੀਲ ਪੱਥਰ ਦੱਸਦੇ ਹੋਏ ਕਿਹਾ ਕਿ ਸਾਰੇ ਕੌਂਸਲਰਾਂ ਨੇ ਸਰਬ ਸੰਮਤੀ ਨਾਲ ਇਸ ਚੋਣ ਪ੍ਰਕਿਰਿਆ ਨੂੰ ਮੁਕੰਮਲ ਕੀਤਾ ਹੈ, ਦੋਵੇ ਅਹੁਦਿਆਂ ਲਈ ਮਹਿਲਾ ਕੌਂਸਲਰ ਚੁਣੇ ਗਏ ਹਨ, ਇਹ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ। ਹੁਣ ਵਿਕਾਸ ਲਈ ਹੋਰ ਕੰਮ ਕਰਾਂ, ਪਿਛਲੇ ਦਿਨਾਂ ਦੌਰਾਨ 1 ਕਰੋੜ ਰੁਪਏ ਦੇ ਵਿਕਾਸ ਦੇ ਕੰਮਾਂ ਨੂੰ ਸ਼ੁਰੂ ਕਰਵਾਇਆ ਹੈ, ਉਨ੍ਹਾਂ ਕਿਹਾ ਕਿ ਪਹਿਲਾਂ ਹੀ ਕਰੋੜਾਂ ਰੁਪਏ ਦੇ ਪ੍ਰੋਜੈਕਟ ਚੱਲ ਰਹੇ ਹਨ। ਇਸ ਮੌਕੇ ਤਹਿਸੀਲਦਾਰ ਸੰਦੀਪ ਕੁਮਾਰ, ਡਾ.ਸੰਜੀਵ ਗੌਤਮ, ਕਮਿੱਕਰ ਸਿੰਘ ਡਾਢੀ,ਵਪਾਰ ਮੰਡਲ ਦੇ ਜ਼ਿਲ੍ਹਾ ਪ੍ਰਧਾਨ ਜਸਵੀਰ ਸਿੰਘ ਅਰੋੜਾ, ਵਪਾਰ ਮੰਡਲ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ,ਸੋਹਣ ਸਿੰਘ ਬੈਂਸ, ਸ਼ੱਮੀ ਬਰਾਰੀ, ਦਵਿੰਦਰ ਸਿੰਘ ਸ਼ਿੰਦੂ, ਜਸਵਿੰਦਰ ਸਿੰਘ ਰਤਨ, ਦਵਿੰਦਰ ਕੌਸ਼ਲ, ਜਸਵੀਰ ਕੌਰ ਗਰਚਾ, ਕਮਲਜੀਤ, ਮਨਪ੍ਰੀਤ ਕੌਰ ਅਰੋੜਾ, ਗੁਰਪ੍ਰੀਤ ਕੌਰ, ਪਰਮਵੀਰ ਸਿੰਘ ਰਾਣਾ, ਬੀਬੀ ਬਲਵੀਰ ਕੌਰ, ਸੁਨੀਲ ਅਡਵਾਲ, ਇੰਦਰਜੀਤ ਸਿੰਘ ਕੋਸ਼ਲ, ਇੰਦਰਜੀਤ ਸਿੰਘ ਰਾਜੂ, ਵਿਜੇ ਗਰਚਾ, ਕੁਲਦੀਪ ਸਿੰਘ ਸਮੇਤ ਪਤਵੰਤੇ ਹਾਜ਼ਰ ਸਨ।

ਐੱਲ ਪੀ ਯੂ ਦੇ ਵਿਦਿਆਰਥੀਆਂ ਨੇ ਮਿਸ ਦਿਵਾ ਤੇ ਲਿਵਾ ਮਿਸ ਸੁਪਰਨੈਸ਼ਨਲ ਦਾ ਖਿਤਾਬ

ਜਲੰਧਰ -(ਸ਼ੈਲੀ ਐਲਬਰਟ)- ਇਸ ਸਾਲ ਮੁੰਬਈ 'ਚ ਆਯੋਜਿਤ ਮਿਸ ਦਿਵਾ - 2023 ਬਿਊਟੀ ਪੇਜੈਂਟ 'ਚ ਫੈਸ਼ਨ ਇੰਡਸਟਰੀ ਅਤੇ ਐਜੂਕੇਸ਼ਨ ਦਾ ਬੇਹਤਰੀਨ ਤਾਲਮੇਲ ਰਿਹਾ। ਸ਼ਵੇਤਾ ਸ਼ਾਰਦਾ ਅਤੇ ਸੋਨਲ ਕੁਕਰੇਜਾ, ਜਿਨ੍ਹਾਂ ਨੇ ਲਿਵਾ ਮਿਸ ਦਿਵਾ ਯੂਨੀਵਰਸ 2023 ਅਤੇ ਲਿਵਾ ਮਿਸ ਸੁਪਰਨੈਸ਼ਨਲ 2023 ਦਾ ਖਿਤਾਬ ਜਿੱਤਿਆ, ਨੇ ਐਲਪੀਯੂ ਦੇ ਫੈਸ਼ਨ ਡਿਜ਼ਾਈਨ ਵਿਦਿਆਰਥੀਆਂ ਦੁਆਰਾ ਡਿਜ਼ਾਇਨ ਕੀਤਾ ਕੇਪ (ਤੈਰਾਕੀ ਲਈ ਇੱਕ ਕਿਸਮ ਦਾ ਗਾਊਨ) ਪਹਿਨ ਕੇ ਰੈਂਪ 'ਤੇ ਤੁਰੀਆਂ। ਐਲਪੀਯੂ ਦੇ ਸਕੂਲ ਆਫ ਫੈਸ਼ਨ ਡਿਜ਼ਾਈਨ ਦੇ 16 ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੇ ਦੇਸ਼ ਭਰ ਦੇ 180 ਪ੍ਰਤੀਯੋਗੀਆਂ ਦੇ ਪੂਲ ਵਿੱਚੋਂ ਚੁਣੇ ਗਏ ਚੋਟੀ ਦੇ 16 ਫਾਈਨਲਿਸਟਾਂ ਲਈ ਸ਼ਾਨਦਾਰ ਕੈਪਸ ਡਿਜ਼ਾਈਨ ਕਰਕੇ ਆਪਣੀ ਸ਼ਾਨਦਾਰ ਰਚਨਾਤਮਕਤਾ ਦਾ ਪ੍ਰਦਰਸ਼ਨ ਕੀਤਾ। ਐਲਪੀਯੂ ਦੀ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧਤਾ ਹੋਰ ਵੀ ਸਪੱਸ਼ਟ ਹੋਈ ਜਦੋਂ ਇਸਦੇ ਫੈਸ਼ਨ ਡਿਜ਼ਾਈਨ ਦੇ ਵਿਦਿਆਰਥੀਆਂ ਨੇ ਅੰਤਰਰਾਸ਼ਟਰੀ ਪਲੇਟਫਾਰਮ 'ਤੇ ਭਾਰਤ ਦੀ ਨੁਮਾਇੰਦਗੀ ਕਰਨ ਵਾਲੇ ਮਾਡਲਾਂ ਲਈ ਕੱਪੜੇ ਡਿਜ਼ਾਈਨ ਕੀਤੇ। ਇਸ ਸਹਿਯੋਗ ਨੇ ਇਸ ਮਸ਼ਹੂਰ ਸੁੰਦਰਤਾ ਕਾਰਨੀਵਾਲ ਦੇ 11ਵੇਂ ਸੰਸਕਰਨ ਨੂੰ ਚਿੰਨ੍ਹਿਤ ਕੀਤਾ, ਜਿਸ ਨੇ ਐਲ ਸੈਲਵਾਡੋਰ ਵਿੱਚ ਹੋਣ ਵਾਲੀ ਮਿਸ ਯੂਨੀਵਰਸ-2023 ਅਤੇ ਪੋਲੈਂਡ ਵਿੱਚ ਮਿਸ ਸੁਪਰਨੈਸ਼ਨਲ-2024 ਵਿੱਚ ਭਾਰਤ ਦੀ ਪ੍ਰਤੀਨਿਧਤਾ ਕਰਨ ਲਈ ਦੋ ਜੇਤੂਆਂ ਨੂੰ ਤਾਜ ਪਹਿਨਾਇਆ ਹੈ।ਇਸ ਈਵੈਂਟ ਵਿੱਚ ਭਾਗ ਲੈਣ ਵਾਲੇ ਐਲਪੀਯੂ ਦੀਆਂ ਉਭਰਦੀਆਂ ਫੈਸ਼ਨ ਸਿਤਾਰਿਆਂ ਵਿੱਚ ਮਾਨਵਿਕਾ ਗਰਗ, ਨਿਕਿਤਾ ਸੁਥਾਰ, ਸਾਈ ਤੇਜਾ, ਸੁਖਮੀਨ ਕੌਰ, ਯਸ਼ਸਵਿਨੀ ਗੁਰੰਗ, ਗੌਰੀ ਗਰਗ, ਜਗਜੀਤ ਕੌਰ, ਜਸਮੀਤ ਕੌਰ, ਜਸਨੂਰ ਜੌਰ ਸੈਣੀ, ਕ੍ਰਿਤੀ ਤਿਵਾਰੀ, ਲਵਲੀਨ ਕੌਰ, ਆਸਥਾ ਗੁਪਤਾ, ਐਸ਼ਵਰਿਆ, ਅਮਿਤ, ਆਯੂਸ਼ਾ ਕੋਇਰਾਲਾ ਅਤੇ ਦੀਕਸ਼ਾ ਮਹਿਤਾ ਹਨ ।ਐਲਪੀਯੂ ਦੇ ਸੰਸਥਾਪਕ ਚਾਂਸਲਰ ਅਤੇ ਸੰਸਦ ਮੈਂਬਰ (ਰਾਜ ਸਭਾ) ਡਾ. ਅਸ਼ੋਕ ਕੁਮਾਰ ਮਿੱਤਲ ਅਤੇ ਐਲਪੀਯੂ ਦੀ ਪ੍ਰੋ ਚਾਂਸਲਰ ਸ੍ਰੀਮਤੀ ਰਸ਼ਮੀ ਮਿੱਤਲ ਯੂਨੀਵਰਸਿਟੀ ਦੇ ਫੈਸ਼ਨ ਡਿਜ਼ਾਈਨਰਾਂ ਦੇ ਨਾਲ ਦੇਸ਼ ਦੇ ਚੋਟੀ ਦੇ ਫੈਸ਼ਨ ਪ੍ਰੇਮੀਆਂ ਤੋਂ ਉਨ੍ਹਾਂ ਦੇ ਅਰਥ ਭਰਪੂਰ ਪਹਿਰਾਵੇ ਦੀ ਭਰਪੂਰ ਪ੍ਰਸੰਸਾ ਪ੍ਰਾਪਤ ਕਰਨ ਲਈ ਗਏ ਸਨ।

ਵੱਖ-ਵੱਖ ਥਾਈਂ ਮਨਾਈ ਜਨਮ ਅਸ਼ਟਮੀ

ਟਾਂਡਾ ਉੜਮੁੜ, (ਓਂਕਾਰ ਸਿੰਘ, ਜਸਵਿੰਦਰ ਸੰਧੂ)-ਸਥਾਨਕ ਇਨੋਵੇਟਿਵ ਜੂਨੀਅਰ ਸਕੂਲ ਉੜਮੁੜ ਦੇ ਬੱਚਿਆਂ ਨੇ ਭਗਵਾਨ ਸ੍ਰੀ ਕ੍ਰਿਸ਼ਨ ਨੂੰ ਯਾਦ ਕਰਦੇ ਹੋਏ ਜਨਮ ਅਸ਼ਟਮੀ 'ਤੇ ਬਹੁਤ ਸੁੰਦਰ ਪ੍ਰੋਗਰਾਮ ਪੇਸ਼ ਕੀਤਾ। ਜਿਸ ਵਿੱਚ ਸਿਟੀ ਪ੍ਰਧਾਨ ਜਗਜੀਵਨ ਜੱਗੀ, ਸੋਨੂੰ ਖੰਨਾ, ਮਨੀਪਾਲ ਸਿੰਘ, ਸੰਜੀਵ ਖੰਨਾ, ਬਲਜੀਤ ਸੈਣੀ ਵਿਸ਼ੇਸ਼ ਰੂਪ ਨਾਲ ਸ਼ਾਮਲ ਹੋਏ। ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਭਗਵਾਨ ਸ੍ਰੀ ਕ੍ਰਿਸ਼ਨ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ, ਜਿਸ ਉਪਰੰਤ ਸਕੂਲ ਦੇ ਛੋਟੇ ਛੋਟੇ ਬੱਚਿਆਂ ਵੱਲੋਂ ਭਗਵਾਨ ਕ੍ਰਿਸ਼ਨ ਦੇ ਜੀਵਨ ਨਾਲ ਸਬੰਧਤ ਵੱਖ-ਵੱਖ ਝਾਕੀਆਂ ਅਤੇ ਆਪਣੀਆਂ ਕਲਾ ਕਿਰਤੀਆਂ ਪੇਸ਼ ਕੀਤੀਆਂ। ਸਕੂਲ ਕੁਆਰਡੀਨੇਟਰ ਦੀਕਸ਼ਾ ਅਰੋੜਾ ਅਤੇ ਮੈਡਮ ਅਨੀਤਾ ਨੇ ਬੱਚਿਆਂ ਨਾਲ ਮਿਲ ਕੇ ਕ੍ਰਿਸ਼ਨ ਦੀ ਆਰਤੀ ਗਾਇਨ ਕੀਤੀ।

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-ਪ੍ਰਜਾ ਪਿਤਾ ਬ੍ਰਹਮਾ ਕੁਮਾਰੀ ਇਸ਼ਵਰੀਏ ਵਿਸ਼ਵ ਵਿਦਿਆਲਯ ਆਦਮਪੁਰ ਵਿਖੇ ਰਾਜ ਯੋਗਨੀ ਅਨੀਤਾ ਦੀਦੀ, ਰਾਜ ਯੋਗਨੀ ਸੀਮਾ ਦੀਦੀ ਦੀ ਦੇਖ ਰੇਖ ਵਿੱਚ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਬੱਚਿਆਂ ਨੇ ਆਪਣਾ ਰੰਗਾ ਰੰਗ ਪ੍ਰੋਗਰਾਮ ਦੀ ਪੇਸ਼ ਕੀਤਾ। ਬ੍ਰਹਮਾ ਕੁਮਾਰੀ ਸੀਮਾਂ ਦੀਦੀ ਨੇ ਕਿਹਾ ਕਿ ਸ੍ਰੀ ਕ੍ਰਿਸ਼ਨ ਦੇ ਵਿਸੇਸ ਗੁਣਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨ, ਉਨ੍ਹਾਂ ਕਿਹਾ ਕਿ ਜਲਦੀ ਹੀ ਸ੍ਰੀ ਕ੍ਰਿਸ਼ਨ ਦੀ ਦੁਨੀਆਂ ਆਉਣ ਵਾਲੀ ਹੈ। ਆਤਮਿਕ ਗਿਆਨ ਅਤੇ ਪਰਮਾਤਮਾ ਦੇ ਨਾਲ ਯੋਗ ਦੁਆਰਾ ਸੰਸਕਾਰ ਨੂੰ ਪਰਿਵਰਤਨ ਕਰਕੇ ਕੋਈ ਵੀ ਪਵਿੱਤਰ ਦੁਨੀਆਂ ਵਿੱਚ ਜਾਣ ਦੇ ਲਾਇਕ ਬਣ ਸਕਦਾ ਹੈ। ਦੀਦੀ ਨੇ ਸਾਰਿਆਂ ਨੂੰ ਰਾਜਯੋਗ ਸਿੱਖਣ ਲਈ ਪ੍ਰੇਰਿਤ ਕੀਤਾ। ਜਿਸ ਵਿੱਚ ਉਨ੍ਹਾਂ ਨੇ ਕਿਹਾ ਕੋਈ ਵੀ ਸੱਤ ਦਿਨ ਪ੍ਰਤੀਦਿਨ ਇੱਕ ਘੰਟੇ ਦਾ ਸਮਾਂ ਦੇ ਕੇ ਰਾਜਯੋਗ ਨਿਸਸ਼ਲਕ ਸਿੱਖ ਸਕਦੇ ਹਨ। ਮੰਜੂ ਅਗਰਵਾਲ ਸਾਬਕਾ ਪ੍ਰਧਾਨ ਨਗਰ ਕੌਂਸਲ ਭੋਗਪੁਰ ਨੇ ਆਪਣੀ ਹਾਜਰੀ ਲਗਾਈ। ਇਸ ਮੌਕੇ 'ਤੇ ਬ੍ਰਹਮਾ ਕੁਮਾਰ ਰਾਹੁਲ ਬਾਈ ਸਮੇਤ ਹੋਰ ਸਮੂਹ ਮੈਂਬਰ ਵੀ ਮੌਜੂਦ ਸਨ।

ਫਗਵਾੜਾ (ਡਾ. ਰਮਨ, ਢੱਡਾ) ਸ਼ਿਵ ਭਗਵਤੀ ਮੰਦਿਰ ਪਿੰਡ ਚੱਕ ਪ੍ਰੇਮਾ ਤਹਿਸੀਲ ਫਗਵਾੜਾ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਮੰਦਿਰ ਪ੍ਰਬੰਧਕ ਕਮੇਟੀ ਵਲੋਂ ਸਵ. ਪੰਡਿਤ ਭਾਗ ਰਾਮ ਅਤੇ ਮਾਤਾ ਤੇਜੋ ਦੇਵੀ ਦੇ ਪਰਵਾਰ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਰਾਤ ਨੂੰ ਮੰਦਰ ਦੀ ਕੀਰਤਨ ਮੰਡਲੀ ਤੋਂ ਇਲਾਵਾ ਗਾਇਕ ਪ੍ਰੇਮ ਮਾਨ ਨੇ ਭਗਵਾਨ ਸ੍ਰੀ ਕ੍ਰਿਸ਼ਨ ਅਤੇ ਰਾਧਾ ਰਾਣੀ ਦੇ ਸੁੰਦਰ ਭਜਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਦੂਸਰੇ ਦਿਨ ਸਵੇਰੇ ਹਵਨ ਅਤੇ ਵਿਸ਼ਵ ਸ਼ਾਂਤੀ ਦੀ ਪ੍ਰਾਰਥਨਾ ਉਪਰੰਤ ਮਹਿਲਾ ਮੰਡਲੀ ਵਲੋਂ ਕੀਰਤਨ ਕੀਤਾ ਗਿਆ। ਪ੍ਰਬੰਧਕਾਂ ਨੇ ਸਮੂਹ ਸਨਾਤਨ ਪ੍ਰੇਮੀਆਂ ਨੂੰ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਮਨੁੱਖਤਾ ਨੂੰ ਚੰਗੇ ਕਰਮ ਕਰਨ ਦਾ ਉਪਦੇਸ਼ ਦਿੱਤਾ ਹੈ ਕਿਉਂਕਿ ਹਰ ਇਨਸਾਨ ਨੂੰ ਆਪਣੇ ਕਰਮ ਅਨੁਸਾਰ ਚੰਗੇ ਅਤੇ ਬੁਰਾ ਸਮਾਂ ਭੋਗਣਾ ਪੈਂਦਾ ਹੈ। ਸਾਨੂੰ ਭਗਵਾਨ ਕ੍ਰਿਸ਼ਨ ਜੀ ਵਲੋਂ ਸ੍ਰੀਮਦ ਭਾਗਵਤ ਗੀਤਾ ਵਿਚ ਦਿੱਤੇ ਉਪਦੇਸ਼ਾਂ ਤੋਂ ਸੇਧ ਲੈਣੀ ਚਾਹੀਦੀ ਹੈ। ਬਾਅਦ ਦੁਪਿਹਰ ਨੂੰ ਸੇਵਾਦਾਰਾਂ ਨੇ ਲੰਗਰ ਦੀ ਸੇਵਾ ਅਤੂੱਟ ਵਰਤਾਈ। ਪ੍ਰਬੰਧਕ ਕਮੇਟੀ ਨੇ ਐਨ.ਆਰ.ਆਈ. ਵੀਰਾਂ ਦਾ ਸਹਿਯੋਗ ਲਈ ਖਾਸ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਪੰਡਿਤ ਜੋਗਿੰਦਰ, ਰਾਮ ਪਾਲ ਸ਼ਰਮਾ, ਪਰਮਿੰਦਰ ਕੁਮਾਰ, ਮਨਜੀਤ ਸਿੰਘ ਕੁਲਾਰ, ਤਾਰਿਸ਼ ਸ਼ਰਮਾ, ਤਰੁਣ ਸ਼ਰਮਾ, ਰਾਜੀਵ ਕੁਮਾਰ, ਸੋਮ ਦੱਤ, ਸੰਜੀਵ ਗਿੱਲ, ਜਸਵੀਰ ਸਿੰਘ, ਜਸਵੰਤ ਸਿੰਘ, ਮੇਜਰ ਸਿੰਘ, ਜਸਬੀਰ ਬੰਗੜ, ਬਲਜੀਤ ਸਿੰਘ, ਜਗਜੀਵਨ, ਯਸ਼ ਸ਼ਰਮਾ, ਰਵੀ ਕੁਮਾਰ, ਸਮੀਰ ਸ਼ਰਮਾ, ਧਰਮਿੰਦਰ ਤਿਵਾੜੀ, ਹਰਸ਼ ਸ਼ਰਮਾ, ਮਨਜੀਤ ਕੌਰ, ਨੀਤੂ, ਬਬਿਤਾ, ਆਰਤੀ, ਨੀਰੂ ਸ਼ਰਮਾ, ਹਿਮਾਨੀ ਸ਼ਰਮਾ, ਸੀਮਾ, ਮੰਨਤ ਸ਼ਰਮਾ, ਸਹਿਜ ਨੂਰ ਸ਼ਰਮਾ, ਆਦਿਤਯ ਸ਼ਰਮਾ, ਦ੍ਰਿਸ਼ਟੀ, ਪਲਕ, ਵੈਸ਼ਨਵੀ, ਸਵਿਤਾ ਸ਼ਰਮਾ ਆਦਿ ਹਾਜਰ ਸਨ।

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਗੁਰੂ ਨਾਨਕ ਨੈਸ਼ਨਲ ਕਾਲਜ (ਕੋ-ਐੱਡ) ਅਤੇ ਕਾਲਜੀਏਟ ਸਕੂਲ ਨਕੋਦਰ ਵਿੱਚ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਓਹਾਰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਕਾਲਜ ਅਤੇ ਸਕੂਲ ਦੇ ਸਮੂਹ ਸਟਾਫ਼ ਵੱਲੋਂ ਸ੍ਰੀ ਕ੍ਰਿਸ਼ਨ ਜੀ ਦੀ ਆਰਤੀ ਕਰਕੇ ਕੀਤੀ ਗਈ । ਇਸ ਦੇ ਉਪਰੰਤ ਮਿਊਜਕ ਵਿਭਾਗ ਦੇ ਬੱਚਿਆਂ ਵੱਲੋਂ ਭਜਨ ਗਾਇਨ ਕੀਤੇ ਗਏ । ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰਬਲ ਕੁਮਾਰ ਜੋਸ਼ੀ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੇ ਆਪਣੇ ਵਿਚਾਰ ਵਿਦਿਆਰਥੀ ਨਾਲ ਸਾਂਝੇ ਕੀਤੇ। ਇਸ ਪ੍ਰੋਗਰਾਮ ਦਾ ਆਯੋਜਨ ਕਾਲਜ ਦੇ ਕਮਾਰਸ ਵਿਭਾਗ ਵਲੋਂ ਕੀਤਾ ਗਿਆ। ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਦੇ ਸਕੱਤਰ ਗੁਰਪ੍ਰੀਤ ਸਿੰਘ ਸੰਧੂ, ਖਜ਼ਾਨਚੀ ਸੁਖਵੀਰ ਸਿੰਘ ਸੰਧੂ, ਕਮੇਟੀ ਮੈਂਬਰ ਸੁਖਦੀਪ ਸਿੰਘ ਸੋਹੀ, ਬਲਰਾਜ ਸਿੰਘ, ਕਾਲਜੀਏਟ ਸਕੂਲ ਕੋ ਆਰਡੀਨੇਟਰ ਸ਼੍ਰੀਮਤੀ ਖੁਸ਼ਦੀਪ ਕੌਰ ਅਤੇ ਸਮੂਹ ਸਕੂਲ ਅਤੇ ਕਾਲਜ ਸਟਾਫ਼ ਹਾਜ਼ਰ ਸੀ ।

ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ) : ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ, ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਕ੍ਰਿਸ਼ਨ ਜਨਮ ਮਹਾਉਤਸਵ ਦਿਹਾੜਾ ਮਨਾਇਆ ਗਿਆ। ਜਿਸ ਦੀ ਸ਼ੁਰੂਆਤ ਸਕੂਲ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਜੱਜ ਅਤੇ ਪ੍ਰਿੰਸੀਪਲ ਮੈਡਮ ਦੁਆਰਾ ਵਿਦਿਆਰਥੀਆਂ ਨੂੰ ਉਚੇਰੀ ਵਿੱਦਿਆ ਪ੍ਰਦਾਨ ਕਰਨ ਅਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦੇ ਹੋਏ ਲੱਡੂ ਗੋਪਾਲ ਜੀ ਦੇ ਸਰੂਪ ਅੱਗੇ ਜੋਤੀ ਜਲਾ ਦੇ ਕੀਤੀ ਗਈ। ਇਸ ਵਿਸ਼ੇਸ਼ ਦਿਹਾੜੇ ਤੇ ਸੰਗੀਤ ਅਧਿਆਪਕ ਹਰਦੀਪ ਸਿੰਘ ਅਤੇ ਸਕੂਲ ਅਧਿਆਪਕਾਵਾਂ ਦੁਆਰਾ ਪ੍ਰਭੂ ਦੇ ਗੁਣਗਾਨ ਗਾਉਂਦਿਆਂ ਮਹੌਲ ਨੂੰ ਬਹੁਤ ਹੀ ਅਨੰਦਮਈ ਬਣਾਇਆ ਗਿਆ। ਸਕੂਲ ਅਧਿਆਪਕਾਵਾਂ ਦੁਆਰਾ ਸ੍ਰੀ ਕ੍ਰਿਸ਼ਨ ਜੀ ਦੇ ਭਜਨਾਂ 'ਤੇ ਡਾਂਸ ਪਰਫਾਰਮੈਂਸ ਵੀ ਦਿੱਤੀ ਗਈ। ਇਸ ਉਪਰੰਤ ਸ੍ਰੀ ਕ੍ਰਿਸ਼ਨ ਬਣੇ ਵਿਦਿਆਰਥੀ ਦੁਆਰਾ ਮਟਕੀ ਤੋੜੀ ਗਈ ਅਤੇ ਲੱਡੂ ਗੋਪਾਲ ਜੀ ਨੂੰ ਮੱਖਣ ਮਿਸ਼ਰੀ ਦਾ ਭੋਗ ਲਗਾ ਕੇ ਸਾਰਿਆਂ ਨੂੰ ਪ੍ਰਸਾਦ ਵੰਡਿਆ ਗਿਆ।

ਸਰੀਰਕ ਤੰਦਰੁਸਤੀ ਲਈ ਯੋਗਾ ਤੇ ਮਾਨਸਿਕ ਤੰਦਰੁਸਤੀ ਲਈ ਰੋਜ਼ਾਨਾ ਮੈਡੀਟੇਸ਼ਨ ਜ

ਅਵਤਾਰਜੀਤ ਦੀਆਂ ਨਵੀਆਂ ਕਵਿਤਾਵਾਂ
ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 10 ਸਤੰਬਰ 2023

www.nawanzamana.in

ਕੀਮਤ 5.00 ਰੁਪਏ

ਆਪਣੇ ਵਿੱਚੋਂ ਹੋਰ ਨੂੰ ਕੱਢ ਕੇ ਵੇਖ
ਦਿੱਲ ਵਿੱਚ ਬੈਠੇ ਚੋਰ ਨੂੰ ਵੇਖ
ਤੂੰ ਸਮਝ ਜਾਵੇਂਗਾ ਮਤਲਬ ਦੁਨੀਆ ਦਾ
ਜ਼ਰਾ ਗੁੰਝਲੀ ਹੋਈ ਡੋਰ ਨੂੰ ਕੱਢ ਕੇ ਵੇਖ।

-ਮੁਹੰਮਦ ਜ਼ਕਰੀਆ ਆਫ਼ਤਾਬ

ਫਲਸਫ਼ੇ ਦੀ ਪ੍ਰਸੰਗਿਕਤਾ

ਜਗਰੂਪ

ਮਾਰਕਸਵਾਦ ਸਦਾ ਰਾਹ-ਦਸੇਰਾ

ਭਾਗ-7

ਮਾਰਕਸ ਨੇ ਕਿਰਤ ਦੀ ਧਿਰ ਦੇ ਵਿਗਿਆਨ ਨੂੰ 'ਦਾਸ ਕੈਪੀਟਲ' ਵਿਚ ਪ੍ਰਗਟਾਇਆ, ਪੇਸ਼ ਕੀਤਾ ਹੈ, ਕਿਉਂਕਿ 'ਦਾਸ ਕੈਪੀਟਲ' ਮਾਰਕਸ ਦੀ ਖੋਜ ਭਰਪੂਰ ਪੁਸਤਕ ਹੈ। ਸਰਮਾਇਆ ਹੋਂਦ ਵਿਚ ਕਿਵੇਂ ਆਇਆ, ਇਹ ਵਿਕਾਸ ਕਿਵੇਂ ਕਰਦਾ ਹੈ, ਇਸ ਦੇ ਵਾਧੇ ਵਿਚ ਹੀ ਇਸ ਦਾ ਅੰਤ ਅਤੇ ਨਵੇਂ ਉਚੇਰੇ ਸਮਾਜ ਦਾ ਭਵਿੱਖ ਨਕਸ਼ਾ ਹੈ। ਖੋਜ ਭਾਰੂ ਹੋਣ ਕਾਰਨ "ਇਹ ਸਰਮਾਇਆ"(Dass Capital)-ਪੱਖ, ਭਾਵ ਖੋਜ ਪੱਖ ਭਾਰੂ ਹੈ। ਇਸ ਵਿਚਲੇ ਪਾਠਾਂ ਦੇ ਨਾਮਕਰਨ ਵੀ ਖੋਜ ਪੱਖ ਦਾ ਪ੍ਰਗਟਾਅ ਕਰਦੇ ਹਨ।

ਪਰੋਲਤਾਰੀ ਪੱਖ ਦੇ ਵਿਗਿਆਨਕ-ਵਿਖਿਆਨ ਦੀ ਪੇਸ਼ਕਾਰੀ, ਖੋਜ ਦੇ ਨਤੀਜੇ ਵਜੋਂ, ਦਵੰਦਵਾਦੀ ਢੰਗ ਨਾਲ ਉੱਭਰਦੀ ਹੈ, ਜੋ ਪੜ੍ਹਨੀ ਅਤੇ ਸਮਝਣੀ ਪੈਂਦੀ ਹੈ। ਮਾਰਕਸ ਦੁਆਰਾ ਪੇਸ਼ਕਾਰੀ ਨੂੰ ਉਸ ਦੇ ਖੋਜ ਢੰਗ ਨਾਲੋਂ ਵੱਖਰਾ ਕਰਕੇ ਸਮਝਣਾ ਜ਼ਰੂਰੀ ਹੈ। ਸਮੁੱਚੇ ਮਾਰਕਸਵਾਦ ਵਾਂਗ, ਦਾਸ ਕੈਪੀਟਲ ਵਿਚ ਵੀ ਸਾਰਾ ਕੁਝ ਚਾਹਤ ਮੁਤਾਬਕ ਹੂ-ਬ-ਹੂ, ਬਣਿਆ-ਬਣਾਇਆ ਪਰੋਸਿਆ ਨਹੀਂ ਮਿਲਦਾ, ਪਰ ਪਦਾਰਥਕ-ਆਧਾਰ ਜ਼ਰੂਰ ਮਿਲਦਾ ਹੈ, ਜਿਸ ਨੂੰ ਬਦਲੇ ਹਾਲਾਤ ਅਨੁਸਾਰ ਵਿਕਸਤ ਕਰਨਾ ਵਰਤਮਾਨ ਮਾਰਕਸਵਾਦੀਆਂ ਹਿੱਸੇ ਆਇਆ ਕੰਮ ਹੈ। ਭਾਵੇਂ ਕਿ ਮਾਰਕਸ-ਏਂਗਲਜ਼-ਲੈਨਿਨ ਅਤੇ ਹੋਰ ਪਦਾਰਥਵਾਦ (ਵਿਰੋਧਵਿਕਾਸ) ਦੇ ਧਾਰਨੀਆਂ ਨੇ ਇਸ ਨੂੰ ਠੋਸ ਆਧਾਰ ਨਾਲ ਪੂਰਾ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਫਿਰ ਵੀ ਨਵੀਂ ਲੋੜ ਪੂਰੀ ਕਰਨੀ ਅਟੱਲ ਹੁੰਦੀ ਹੈ। ਲੈਨਿਨ ਨੇ ਲਿਖਿਆ :

"ਮਾਰਕਸ-ਏਂਗਲਜ਼ ਨੂੰ ਮੈਂ ਹੁਣ ਵੀ ਇਸ਼ਕ ਕਰਦਾ ਹਾਂ ਅਤੇ ਉਹਨਾਂ ਦੀ ਕਿਸੇ ਵੀ ਦੁਰਵਰਤੋਂ ਨੂੰ ਸ਼ਾਂਤੀ ਨਾਲ ਬਰਦਾਸ਼ਤ ਨਹੀਂ ਕਰ ਸਕਦਾ। ਨਹੀਂ, ਸਾਨੂੰ ਉਹ ਆਧਾਰ ਛੱਡਣਾ ਨਹੀਂ ਚਾਹੀਦਾ, ਉਹ ਅਸਲੀ ਥੰਦੇ ਸਨ! ਸਾਨੂੰ ਉਹਨਾਂ ਕੋਲੋਂ ਸਿੱਖਣਾ ਚਾਹੀਦਾ ਹੈ"।

ਆਧਾਰ ਛੱਡਿਆ ਜਾ ਸਕਦਾ ਹੀ ਨਹੀਂ ਹੈ।

ਦਾਸ-ਕੈਪੀਟਲ ਸਾਨੂੰ ਕੀ ਆਧਾਰ ਦਿੰਦੀ ਹੈ?

ਉਹ ਮੁੱਖ-ਸੂਤਰ ਕੀ ਅਤੇ ਕਿਵੇਂ ਕੰਮ ਕਰਦਾ ਹੈ ?

ਜਿਵੇਂ ਇਹ "ਜਿਣਸਾਂ" ਦਾ ਵਿਸ਼ਾ ਲੈ ਕੇ ਸ਼ੁਰੂ ਹੋਈ ਹੈ, "ਕੰਮ ਦਿਹਾੜੀ "(The Working Day) ਇਸ ਪੁਸਤਕ ਦਾ 10ਵਾਂ ਪਾਠ (Chapter) ਹੈ। ਇਹ ਪੂਰੀ ਪੁਸਤਕ ਦੇ 9% ਭਾਗ (75/845 ਸਫੇ) 'ਤੇ ਇਹ ਵਿਸਥਾਰ ਨਾਲ ਵਿਚਾਰਿਆ ਹੋਇਆ ਹੈ। ਇਸ ਦਾ ਅਧਿਐਨ ਕਰਨ ਤੇ ਸਮਝਣ ਪਿੱਛੋਂ ਲੈਨਿਨ ਦੀ (ਨੋਟ ਬੁੱਕ ਵਾਲੀ) ਸਖਤ ਟਿੱਪਣੀ ਵੀ ਨਰਮ ਲੱਗਣ ਲੱਗ ਪੈਂਦੀ ਹੈ ਅਤੇ ਉਸ ਵੱਲੋਂ ਮਨੁੱਖੀ 'ਅਧਿਕਾਰ ਪੱਤਰਾਂ' ਦੀ, ਮਾਰਕਸ ਵੱਲੋਂ 'ਖਿੱਲੀ-ਉਡਾਉਣ' ਦਾ ਸਬੱਬ ਵੀ ਸਾਹਮਣੇ ਆ ਜਾਂਦਾ ਹੈ ਅਤੇ ਨਾਲ ਹੀ ਅੱਜ ਦੇ ਸਵੈ-ਘੋਸ਼ਤ, "ਮੈਂ-ਵਾਦੀ-ਮਾਰਕਸਵਾਦੀ"

(Egoist marxists) ਲਈ, ਖੁਦ ਦੀ ਪਹਿਚਾਣ, ਪਰਖ ਵਾਸਤੇ ਸ਼ੀਸ਼ਾ ਵੀ ਸਾਹਮਣੇ ਆ ਜਾਂਦਾ ਹੈ। ਇਸ ਦਾ ਆਜ਼ਾਦਾਨਾ ਅਧਿਐਨ ਹਰ ਸੁਹਿਰਦ ਨੂੰ ਕਰਨਾ ਚਾਹੀਦਾ ਹੈ। ਕੁਝ ਚੋਣਵੇਂ ਪੱਖ ਇੰਜ ਨੇ :

* "ਪਹਿਲੀ, ਕਿਰਤ ਸ਼ਕਤੀ ਦੀਆਂ ਭੌਤਿਕੀ ਹੱਦਾਂ,
24 ਘੰਟੇ ਦੇ ਕੁਦਰਤੀ-ਦਿਨ ਵਿੱਚ ਆਦਮੀ ਆਪਣੀ
ਸੰਜੀਵ ਸ਼ਕਤੀ ਦੀ ਕੇਵਲ ਇਕ ਨਿਸ਼ਚਿਤ ਮਾਤਰਾ
ਹੀ ਖਰਚ ਕਰ ਸਕਦਾ ਹੈ। ... ਦਿਨ ਦੇ ਇਕ ਹਿੱਸੇ ਵਿਚ ਜ਼ਰੂਰੀ ਹੈ ਕਿ ਇਹ ਸ਼ਕਤੀ ਆਰਾਮ ਕਰੇ, ਸੌਵੇਂ,... ਆਪਣੀਆਂ ਸਰੀਰਕ ਲੋੜਾਂ ਦੀ ਪੂਰਤੀ ਕਰਨੀ, ਖਾਣਾ-ਪੀਣਾ, ਨਹਾਉਣਾ-ਧੋਣੀ ਤੇ ਕੱਪੜੇ ਪਾਉਣੇ..... ਇਹਨਾ ਸ਼ੁੱਧ ਭੌਤਕੀ ਸੀਮਾਵਾਂ ਤੋਂ ਇਲਾਵਾ ਕੰਮ ਦਿਹਾੜੀ ਦੇ ਪਸਾਰ ਦੇ ਸਾਹਮਣੇ ਸਦਾਚਾਰਕ ਸੀਮਾਵਾਂ ਵੀ ਆਉਂਦੀਆਂ ਹਨ। ਕਿਰਤੀ ਨੂੰ ਆਪਣੀਆਂ ਬੌਧਿਕ ਅਤੇ ਸਮਾਜਕ ਜ਼ਰੂਰਤਾਂ, ਜਿਨ੍ਹਾ ਦੀ ਗਿਣਤੀ ਤੇ ਹੱਦ, ਸਮਾਜਕ ਤਰੱਕੀ ਦੀ ਆਮ ਸਥਿਤੀ ਨਿਸਚਤ ਕਰਦੀ ਹੈ, ਦੀ ਪੂਰਤੀ ਲਈ ਵੀ ਸਮਾਂ ਲੋੜੀਂਦਾ ਹੈ। ਇਸ ਲਈ ਕੰਮ-ਦਿਹਾੜੀ ਦਾ ਰੂਪ, ਭੌਤਿਕੀ ਅਤੇ ਸਮਾਜਕ ਹੱਦਾਂ ਦੇ ਅੰਦਰ-ਅੰਦਰ ਬਦਲਦਾ ਰਹਿੰਦਾ ਹੈ। ਪਰ ਇਹ ਸੀਮਾਂਬੱਧ ਕਰਨ ਵਾਲੀਆਂ ਦੋਵੇਂ ਹਾਲਤਾਂ ਬੜੇ ਲਚਕਦਾਰ ਖਾਸੇ ਦੀਆਂ ਹਨ ਅਤੇ ਬਹੁਤ ਵੱਡੀ ਢਿੱਲ ਦੀ ਆਗਿਆ ਦੇਂਦੀਆਂ ਹਨ। ਇਸ ਲਈ ਅਸੀਂ 8,10,12,14,16,18 ਘੰਟਿਆਂ ਦੀਆਂ, ਭਾਵ ਅਤਿ ਭਿੰਨ-ਭਿੰਨ ਲੰਬਾਈ ਦੀਆਂ ਕੰਮ-ਦਿਹਾੜੀਆਂ ਦੇਖਦੇ ਹਾਂ"।

* "ਕੰਮ ਦਿਹਾੜੀ ਕੀ ਹੈ? ਸਭਨਾਂ ਹਾਲਤਾਂ ਵਿਚ ਇਹ ਕੁਦਰਤੀ-ਦਿਨ ਨਾਲੋਂ ਛੋਟੀ ਹੁੰਦੀ ਹੈ। ਕਿੰਨੀ ਛੋਟੀ? ਇਸ ਅੰਤਮ ਹੱਦ ਬਾਰੇ, ਕੰਮ-ਦਿਹਾੜੀ ਦੀ ਲਾਜ਼ਮੀ ਸੀਮਾ ਬਾਰੇ, ਸਰਮਾਏਦਾਰਾਂ ਦੇ ਆਪਣੇ ਵਿਚਾਰ ਹਨ।.... ਸਰਮਾਏ ਦਾ ਇਕੋ ਹੀ ਆਵੇਗ ਹੈ, ਮੁੱਲ ਅਤੇ ਵਾਧੂ-ਮੁੱਲ ਦੀ ਸਿਰਜਣਾ ਦੀ ਪ੍ਰਵਿਰਤੀ,..ਪੈਦਾਵਾਰ ਦੇ ਸਾਧਨ ਨਾਲ, ਵਾਧੂ-ਕਿਰਤ
ਦੀ ਵੱਡੀ ਤੋਂ ਵੱਡੀ ਸੰਭਵ ਮਾਤਰਾ ਸੋਖਣਾ।"

* "ਸਰਮਾਇਆ ਮੁਰਦਾ ਕਿਰਤ ਹੈ, ਜਿਹੜੀ ਸ਼ੈਤਾਨ ਵਾਂਗ, ਸਿਰਫ ਜਿਉਂਦੀ ਕਿਰਤ ਦਾ ਲਹੂ ਪੀ ਕੇ ਜਿਉਂਦੀ ਹੈ ਅਤੇ ਇਹ ਕਿਰਤੀ ਦਾ ਜਿੰਨਾ ਵੱਧ ਲਹੂ ਚੂਸੇ, ਓਨਾ ਹੀ ਵੱਧ ਜਿਉਂਦੀ ਹੈ। ਜਿਸ ਸਮੇਂ ਕਿਰਤੀ ਕੰਮ ਕਰਦਾ ਹੈ, ਇਹ ਉਹ ਸਮਾਂ ਹੈ ਜਦੋਂ ਸਰਮਾਏਦਾਰ, ਉਹ ਕਿਰਤ-ਸ਼ਕਤੀ ਖਪਾਉਂਦਾ ਹੈ, ਜਿਹੜੀ ਉਸ ਨੇ ਖਰੀਦੀ ਹੈ"।...

ਇਹ ਪੜ੍ਹਨ ਅਤੇ ਸਮਝਣ ਪਿੱਛੋਂ ਹਰ ਸੁਹਿਰਦ ਵਿਅਕਤੀ ਨੂੰ ਉਹਨਾਂ "ਸਵੈ-ਘੋਸ਼ਤ ਮਾਰਕਸਵਾਦੀਆਂ" ਉਤੇ ਤਰਸ ਨਹੀਂ, ਸਗੋਂ ਉਹਨਾਂ ਨਾਲ ਨਫਰਤ ਹੁੰਦੀ ਹੈ, ਜੋ ਕਹਿੰਦੇ ਹਨ, "ਹੁਣ ਮਜ਼ਦੂਰ ਜਮਾਤ, ਮਜ਼ਦੂਰ ਜਮਾਤ ਨਹੀਂ ਰਹੀ, ਹੁਣ ਇਸ ਦਾ ਮਹੱਤਵ ਨਹੀਂ ਰਿਹਾ"। ਸਾਊਓ! ਜਦੋਂ ਸਰਮਾਇਆ "ਸਿਰਫ ਜਿਉਂਦੀ ਕਿਰਤ ਦਾ ਲਹੂ ਪੀ ਕੇ ਜਿਉਂਦਾ ਹੈ" ਤਾਂ ਹੁਣ ਮੁਨਾਫੇ ਲਈ, "ਵਾਧੂ-ਮੁੱਲ" ਸਰੋਤ ਕੀ ਹੈ? ਉਹਨਾ ਕੋਲ ਕੋਈ ਸਹੀ ਜਵਾਬ ਨਹੀਂ ਹੁੰਦਾ। ਸਭ ਗੁੰਮਰਾਹਕੁਨ, ਗੈਰ-ਮਾਰਕਸਵਾਦੀ, ਸਰਮਾਏਦਾਰ ਪੱਖੀ ਜਵਾਬ ਹੁੰਦੇ ਹਨ। ਫਿਰ ਵੀ, ਮੱਧ- ਵਰਗੀ, ਜਜ਼ਬਾਤੀ ਲੋਕ ਇਸ ਮਾਰਕਸਵਾਦ-ਵਿਰੋਧੀ ਕੂੜ-ਪ੍ਰਚਾਰ ਦਾ ਵੱਧ ਸ਼ਿਕਾਰ ਹੁੰਦੇ ਹਨ।

ਮਾਰਕਸ ਅੱਗੇ ਲਿਖਦਾ ਹੈ :

'ਜਦੋਂ ਸਰਮਾਏਦਾਰ ਖਰੀਦੀ ਕਿਰਤ-ਸ਼ਕਤੀ ਦੀ ਵੱਧ ਤੋਂ ਵੱਧ ਵਰਤੋਂ ਕਰਦਾ ਹੈ ਤਾਂ ..."ਕਿਰਤੀ ਦੀ ਆਵਾਜ਼ ਜਿਹੜੀ ਉਤਪਾਦਨ ਦੇ ਅਮਲ ਦੇ ਤੂਫਾਨ ਦੇ ਦਬਾਅ ਹੇਠਾਂ ਘੁਟੀ ਹੋਈ ਸੀ, ਉਠਦੀ ਹੈ"।

* "ਜਿਹੜੀ ਜਿਣਸ ਮੈਂ ਤੇਰੇ ਕੋਲ ਵੇਚੀ ਹੋਈ ਹੈ, ਉਹ ਦੂਜੀਆਂ ਜਿਣਸਾਂ ਦੇ ਝੁਰਮਟ ਤੋਂ ਵੱਖਰੀ ਹੈ, ਇਸ ਗੱਲ ਵਿਚ ਕਿ, ਇਸ ਦੀ ਵਰਤੋਂ, ਮੁੱਲ ਸਿਰਜਦੀ ਹੈ ਅਤੇ ਇਹ ਮੁੱਲ, ਜੋ ਇਸ ਦੇ ਆਪਣੇ ਮੁੱਲ ਨਾਲੋਂ ਵਧੇਰੇ ਹੁੰਦਾ ਹੈ। ਇਸ ਕਰਕੇ ਹੀ ਤੂੰ ਇਸ ਨੂੰ ਖਰੀਦਿਆ ਸੀ। ਜੋ ਤੇਰੇ ਪਾਸੇ ਸਰਮਾਏ ਦਾ ਇਕ ਆਪ-ਮੁਹਾਰਾ ਵਾਧਾ ਪ੍ਰਗਟ ਹੁੰਦਾ ਹੈ, ਉਹ ਮੇਰੀ ਕਿਰਤ ਸ਼ਕਤੀ ਦਾ ਫਾਲਤੂ ਖਰਚ ਹੈ।"

ਮਾਰਕਸ ਤਰਤੀਬਵਾਰ ਖੋਜ ਨੂੰ ਅੱਗੇ ਵਧਾਉਂਦਾ ਹੈ।

* "ਤੇਰੇ ਤੇ ਮੇਰੇ ਲਈ ਮੰਡੀ ਵਿਚ ਕੇਵਲ ਇੱਕੋ ਕਾਨੂੰਨ ਹੈ, ਜਿਣਸਾਂ ਦੇ ਵਟਾਂਦਰੇ ਦਾ ਕਾਨੂੰਨ ਅਤੇ ਜਿਣਸ ਦੀ ਖਪਤ ਦਾ ਅਧਿਕਾਰ ਵੇਚਣ ਵਾਲੇ ਨਹੀਂ
ਸਗੋਂ ਖਰੀਦਣ ਵਾਲੇ ਨੂੰ ਹੈ, ਜਿਹੜਾ ਇਸ ਨੂੰ ਪ੍ਰਾਪਤ ਕਰਦਾ ਹੈ।"....

* "ਕੰਮ-ਦਿਹਾੜੀ ਦੇ ਅਸੀਮ ਵਾਧੇ ਨਾਲ, ਤੂੰ ਇਕ ਦਿਨ ਵਿਚ ਕਿਰਤ-ਸ਼ਕਤੀ ਦੀ ਉਸ ਤੋਂ ਵਧੇਰੇ ਮਾਤਰਾ ਵਰਤ ਸਕਦਾ ਹੈਂ, ਜਿਤਨੀ ਮੈਂ ਤਿੰਨ ਦਿਨਾਂ ਵਿਚ ਬਹਾਲ ਕਰ ਸਕਦਾ ਹਾਂ। ਜੋ ਕਿਰਤ ਦੇ ਰੂਪ ਵਿਚ ਤੈਨੂੰ ਲਾਭ ਹੁੰਦਾ ਹੈ, ਉਹ ਕਿਰਤ ਦੇ ਸਾਰ ਤੱਤ ਦੇ ਰੂਪ ਵਿਚ ਮੈਥੋਂ ਖੁਸਦਾ ਹੈ। ਮੇਰੀ ਕਿਰਤ ਸ਼ਕਤੀ ਨੂੰ ਵਰਤਣਾ ਅਤੇ ਉਸ ਨੂੰ ਉਜਾੜਨਾ ਬਿਲਕੁੱਲ ਵੱਖਰੀਆਂ ਗੱਲਾਂ ਹਨ।"

ਫਿਰ ਮਾਰਕਸ ਕੰਮ-ਦਿਹਾੜੀ ਦੇ ਦੋ ਭਾਗਾਂ : 'ਜ਼ਰੂਰੀ-ਕਿਰਤ' ਅਤੇ 'ਵਾਧੂ-ਕਿਰਤ' ਦਾ ਵਰਤਾਰਾ ਬਿਆਨ ਕਰਦਾ ਹੈ।

* "ਫਰਜ਼ ਕਰੋ ਕੰਮ ਦਿਹਾੜੀ ਦੇ 6 ਘੰਟੇ ਜ਼ਰੂਰੀ-ਕਿਰਤ ਅਤੇ 6 ਘੰਟੇ ਵਾਧੂ ਕਿਰਤ 'ਤੇ ਆਧਾਰਤ ਹੈ,....ਪਰ ਸਰਮਾਏਦਾਰ ਦਾ ਵਾਧੂ-ਕਿਰਤ ਦਾ ਲਾਲਚ ਕੰਮ-ਦਿਹਾੜੀ ਦੇ ਅਸੀਮਤ ਪਸਾਰ ਲਈ ਜ਼ੋਰ ਲਾਉਣ ਵਿਚ ਪ੍ਰਗਟ ਹੁੰਦਾ ਹੈ।"

ਇੰਜ ਕੰਮ-ਦਿਹਾੜੀ-ਸਮਾਂ ਲੰਮਾ ਖਿੱਚਣ ਦਾ ਵਰਤਾਰਾ ਵਾਪਰਦਾ ਹੈ। ਫਿਰ 'ਦਿਨ ਅਤੇ ਰਾਤ ਦਾ ਕੰਮ', ਸ਼ਿਫਟ-ਪਰਣਾਲੀ ਹੋਂਦ ਵਿਚ ਆਉਣ ਦਾ ਜ਼ਿਕਰ ਹੈ। ਅਗਲੇ ਭਾਗ ਵਿੱਚ "ਸਧਾਰਨ ਕੰਮ ਦਿਹਾੜੀ ਲਈ ਸੰਘਰਸ਼" ਦਾ ਵਰਨਣ ਹੈ। ਫਿਰ

* "ਕੰਮ ਦੇ ਸਮੇਂ ਦੀ ਕਾਨੂੰਨ ਦੁਆਰਾ ਲਾਜ਼ਮੀ ਸੀਮਾ-ਬੰਦੀ" ਦਾ ਵਿਸਥਾਰ ਹੈ।

1833 ਤੋਂ 1864 ਤੱਕ ਕੰਮ-ਦਿਹਾੜੀ ਦੀ ਕਾਨੂੰਨੀ ਸੀਮਾ ਦੇ ਘਟਦੇ ਜਾਣ ਦਾ ਵਰਨਣ ਹੈ।

* ".. ਸਮੁੱਚੇ ਤੌਰ 'ਤੇ, 1844 ਤੋਂ 1847 ਤੱਕ ਦੇ ਸਮੇਂ ਦੌਰਾਨ, ਫੈਕਟਰੀ ਐਕਟ ਅਧੀਨ ਸਨਅਤ ਦੀਆਂ ਸਭਨਾਂ ਸ਼ਾਖਾਂ ਵਿਚ ਕੰਮ ਦਿਹਾੜੀ ਆਮ ਤੌਰ ਤੇ ਅਤੇ ਇਕਸਾਰ ਰੂਪ ਵਿਚ 12 ਘੰਟੇ ਦੀ ਹੋ ਗਈ।

* "ਦੂਜੇ ਪਾਸੇ ਇਹਨਾਂ ਹੀ ਸਾਲਾਂ ਵਿਚ ਚਾਰਟਿਸਟ
ਲਹਿਰ ਅਤੇ 10 ਘੰਟੇ ਦੇ ਅੰਦੋਲਨ ਨੇ ਉੱਚਤਮ ਸਿਖਰ ਛੋਹ ਲਈ। ਬਦਲਾ ਲੈਣ ਲਈ ਤਰਲੋਮੱਛੀ ਹੋ ਰਹੇ ਟੋਰੀ ਇਸ ਲਹਿਰ ਦੇ ਸੰਗੀ ਬਣ ਗਏ।...

ਦਸ ਘੰਟੇ ਦਾ ਬਿੱਲ, ਜਿਸ ਲਈ ਚਿਰਾਂ ਤੋਂ ਸੰਗਰਾਮ ਚੱਲ ਰਿਹਾ ਸੀ, ਪਾਰਲੀਮੈਂਟ ਵਿਚ ਪਾਸ ਹੋ ਗਿਆ।

* "8 ਜੂਨ, 1847 ਦਾ ਨਵਾਂ ਫੈਕਟਰੀ ਐਕਟ ਨਿਸ਼ਚਤ ਕਰਦਾ ਸੀ.....ਪਹਿਲੀ ਮਈ 1848 ਨੂੰ ਕੰਮ-ਦਿਹਾੜੀ 10 ਘੰਟੇ ਦੀ ਨਿਸ਼ਚਤ ਸੀਮਾਂ ਤੱਕ ਕਰ ਦਿੱਤੀ ਜਾਵੇਗੀ।...."



ਇਹ ਸੌਖਾ ਕਾਰਜ ਥੋੜ੍ਹੀ ਸੀ, ਇਸ ਲਈ ਲੰਮਾ ਸੰਘਰਸ਼ ਹੋਇਆ, ਮਾਰਕਸ ਜੋ ਅੱਗੇ ਦਰਜ ਕਰਦੇ ਹਨ, ਉਹ :

* "ਹੁਣ ਸਰਮਾਇਆ ਮੁੱਢਲੀ ਮੁਹਿੰਮ ਵਿਚ ਦਾਖਲ ਹੋਇਆ ਤਾਂ ਜੋ ਇਸ ਨੂੰ ਪੂਰੇ-ਸੂਰੇ ਰੂਪ ਵਿਚ ਅਮਲ ਅੰਦਰ ਆਉਣੋਂ ਰੋਕਿਆ ਜਾਵੇ।....ਉਹਨਾਂ ਉਜਰਤਾਂ ਵਿਚ 10% ਆਮ ਕਟੌਤੀ ਕਰਕੇ ਇਹਨਾਂ ਹਾਲਤਾਂ ਦੇ ਕੁਦਰਤੀ ਅਸਰ ਨੂੰ ਹੋਰ ਵਿਗਾੜਨ ਦੀ ਕੋਸ਼ਿਸ਼ ਕੀਤੀ।....ਜਿਥੇ ਵੀ ਹਾਲਤਾਂ ਨੇ ਆਗਿਆ ਦਿੱਤੀ, ਉਜਰਤਾਂ ਵਿਚ 25% ਕਟੌਤੀ ਹੋ ਗਈ।....

ਕਾਨੂੰਨ ਨੂੰ ਰੱਦ ਕਰਵਾਉਣ ਲਈ ਫੈਕਟਰੀ ਮਜ਼ਦੂਰਾਂ ਦਾ ਅੰਦੋਲਨ ਸ਼ੁਰੂ ਹੋਇਆ। ਇਸ ਕੋਸ਼ਿਸ਼ ਵਿਚ ਹਰ ਹਰਬਾ, ਝੂਠ, ਰਿਸ਼ਵਤ ਅਤੇ ਧਮਕੀਆਂ ਦੀ ਵਰਤੋਂ ਹੋਈ, ਪਰ ਸਭ ਯਤਨ ਅਸਫਲ ਰਹੇ।...

ਮਾਰਕਸ ਇਸ ਹਾਲਾਤ ਦਾ ਜੋ ਬਿਆਨ ਕਰਦੇ ਹਨ
ਉਹ ਮਘੇ ਜਮਾਤੀ-ਘੋਲ ਦਾ ਤੂਫਾਨੀ ਦੌਰ ਹੈ।

ਇਸ ਚੈਪਟਰ ਦਾ ਆਖਰੀ ਹਿੱਸਾ ਦਾਸ-ਕੈਪੀਟਲ ਦੇ ਮਿਜ਼ਾਈਲ ਰੂਪ ਨੂੰ ਪ੍ਰਗਟ ਕਰਦਾ ਹੈ ਅਤੇ ਨਵੇਂ, ਉਚੇਰੇ ਸਮਾਜਕ ਰੂਪ, ਸਾਂਝੀਵਾਲ ਦਾ ਨਿਰਦੇਸ਼ਕ ਵੀ ਹੈ।....

ਭਾਗ-8

* 'ਕੰਮ-ਦਿਹਾੜੀ' ਚੈਪਟਰ ਦੇ ਆਖਰੀ ਭਾਗ :

"ਸਾਧਾਰਨ ਕੰਮ ਦਿਹਾੜੀ ਲਈ ਸੰਘਰਸ਼" ਵਿਚ ਮਾਰਕਸ ਲਿਖਦਾ ਹੈ: "ਪਾਠਕ ਨੂੰ ਯਾਦ ਹੋਵੇਗਾ ਕਿ ਵਾਧੂ-ਮੁੱਲ ਦਾ ਉਤਪਾਦਨ ਜਾਂ ਵਾਧੂ-ਮੁੱਲ ਨੂੰ ਚੂਸਣਾ ਸਰਮਾਏਦਾਰੀ ਪੈਦਾਵਾਰ ਦਾ ਵਿਸ਼ੇਸ਼ ਮਨੋਰਥ ਅਤੇ ਨਿਸ਼ਾਨਾ, ਉਸ ਦਾ ਸਾਰ-ਤੱਤ ਹੈ। ਕਿਰਤ ਦੇ ਸਰਮਾਏ ਅਧੀਨ ਹੋ ਜਾਣ ਨਾਲ ਉਤਪਾਦਨ ਪ੍ਰਣਾਲੀ ਵਿਚ ਕੋਈ ਵੀ ਤਬਦੀਲੀ ਆ ਜਾਵੇ, ਉਸ ਦਾ ਇਸ ਨਾਲ ਕੋਈ ਸਰੋਕਾਰ ਨਹੀਂ।....ਇਹਨਾਂ..ਸਬੰਧਾਂ ਤੋਂ ਨਿਮਨਲਿਖਤ ਸਿੱਟੇ ਨਿਕਲਦੇ ਹਨ।

ਪਹਿਲੀ ਗੱਲ

* ਕੰਮ ਦਿਹਾੜੀ ਨੂੰ ਅਸੀਮਤ ਹੱਦ ਤੱਕ ਅਤੇ ਬੇਰਹਿਮੀ ਨਾਲ ਵਧਾਉਣ ਲਈ ਸਰਮਾਏ ਦੀ ਪ੍ਰਬਲ ਇੱਛਾ,...

ਦੂਜੀ ਗੱਲ-

* ਉਤਪਾਦਨ ਦੀਆਂ ਕੁਝ ਸ਼ਾਖਾਵਾਂ ਵਿਚ ਕੰਮ-ਦਿਹਾੜੀ ਨੂੰ ਨੇਮ ਬੱਧ ਕਰਨ ਦਾ ਇਤਿਹਾਸ..

ਦੂਜੀਆਂ ਸ਼ਾਖਾਵਾਂ ਵਿਚ ਚੱਲ ਰਿਹਾ ਸੰਘਰਸ਼, ਨਿਰਣਾਇਕ ਰੂਪ ਵਿਚ ਸਿੱਧ ਕਰਦਾ ਹੈ ਕਿ ਇਕੱਲਾ-ਇਕੱਲਾ ਕਿਰਤੀ ਆਪਣੀ ਕਿਰਤ-ਸ਼ਕਤੀ ਦਾ "ਸੁਤੰਤਰ" ਵਿਕਰੇਤਾ ਕਿਰਤੀ, ਜਦੋਂ ਸਰਮਾਏਦਾਰੀ ਉਤਪਾਦਨ ਇਕ ਵਾਰ ਇਕ ਖਾਸ ਪੜਾਅ 'ਤੇ ਪੁੱਜ ਜਾਂਦਾ ਹੈ ਤਾਂ ਉਹ (ਕਿਰਤੀ) ਵਿਰੋਧ ਕਰਨ ਦੀ ਸ਼ਕਤੀ ਤੋਂ ਸੱਖਣਾ, ਉਸ ਅੱਗੇ ਗੋਡੇ ਟੇਕ ਦਿੰਦਾ ਹੈ। ਇਸ ਲਈ ਸਧਾਰਨ ਕੰਮ ਦਿਹਾੜੀ ਦੀ ਸਿਰਜਣਾ, ਘੱਟ ਜਾਂ ਵੱਧ ਲੁਕਵੇਂ ਰੂਪ ਵਿਚ ਸਰਮਾਏਦਾਰ ਜਮਾਤ ਅਤੇ ਮਜ਼ਦੂਰ ਜਮਾਤ ਵਿਚਕਾਰ, ਇਕ ਲੰਮੀ ਘਰੇਲੂ ਜੰਗ ਦਾ ਫਲ ਹੈ।....."

ਇਸ ਤਰ੍ਹਾਂ ਮਾਰਕਸ ਇਸ ਚੈਪਟਰ ਦੇ ਆਖਰੀ ਭਾਗ ਵਿਚ ਮਜ਼ਦੂਰ ਜਮਾਤ ਦੇ ਪੈਂਤੜੇ ਤੋਂ ਨਤੀਜੇ ਵੱਲ ਧਿਆਨ ਦਿਵਾਉਂਦਾ ਹੈ, ਜਿਸ ਵਿਚ ਇੰਗਲੈਂਡ ਪਿੱਛੋਂ ਫਰਾਂਸ ਅਤੇ ਅਖੀਰ ਅਮਰੀਕਾ ਵਿਚ ਹੋਏ, ਕੀਤੇ ਨੂੰ, ਤੱਥਾਂ ਰਾਹੀਂ ਬਿਆਨ ਕਰਦਾ ਹੈ।

* "ਫਰਾਂਸ ਸਹਿਜੇ-ਸਹਿਜੇ ਇੰਗਲੈਂਡ ਦੇ ਪਿੱਛੇ-ਪਿੱਛੇ
ਲੰਙ ਮਾਰਦਾ ਜਾਂਦਾ ਹੈ....ਫਰਾਂਸ ਦੀ ਇਨਕਲਾਬੀ ਵਿਧੀ ਦੇ ਆਪਣੇ ਵਿਸ਼ੇਸ਼ ਲਾਭ ਹਨ। ਉਹ ਬਿਨਾਂ ਕਿਸੇ ਭਿੰਨ-ਭੇਦ ਦੇ ਸਭਨਾਂ ਵਰਕਸ਼ਾਪਾਂ ਤੇ ਫੈਕਟਰੀਆਂ ਵਿਚ ਕੰਮ-ਦਿਹਾੜੀ ਉਤੇ ਸਦਾ ਲਈ ਇਕੋ ਸੀ

ਰਾਜਸੀ ਲੋੜਾਂ ਨੇ ਇੰਡੀਆ ਸ਼ਬਦ ਦਾ ਵਿਰੋਧ ਵੀ ਕਰਵਾ ਦਿੱਤੈ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਨਿੱਤ ਨਵੇਂ ਰੇੜਕਿਆਂ ਨੂੰ ਰਿੜਕਣ ਗਿੱਝੀ ਹੋਈ ਭਾਰਤ ਦੀ ਰਾਜਨੀਤੀ ਇਸ ਸਤੰਬਰ ਦੇ ਪਹਿਲੇ ਹਫਤੇ ਇਸ ਦੇਸ਼ ਦਾ ਨਾਂਅ 'ਇੰਡੀਆ' ਹੋਣ ਜਾਂ ਨਾ ਹੋਣ ਦਾ ਮੁੱਦਾ ਰਿੜਕਣ ਤੁਰ ਪਈ ਹੈ। ਅਗਸਤ ਦੇ ਅਖੀਰ ਤੱਕ ਇਹ ਕੋਈ ਮੁੱਦਾ ਹੀ ਨਹੀਂ ਸੀ, ਪਰ ਵਿਰੋਧੀ ਧਿਰ ਦੀਆਂ ਪਾਰਟੀਆਂ ਨੇ ਜਦੋਂ ਅਗਲੀਆਂ ਲੋਕ ਸਭਾ ਚੋਣਾਂ ਲਈ ਮਿਲ ਕੇ ਚੱਲਣ ਦਾ ਫੈਸਲਾ ਲਿਆ ਤੇ ਆਪਣੇ ਗੱਠਜੋੜ ਲਈ ਇਹੋ ਜਿਹਾ ਨਾਂਅ ਰੱਖਿਆ, ਜਿਸ ਦੇ ਪਹਿਲੇ ਅੱਖਰਾਂ ਦਾ ਮੇਲ 'ਇੰਡੀਆ' ਬਣਦਾ ਹੈ ਤਾਂ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਨੇ 'ਇੰਡੀਆ' ਸ਼ਬਦ ਦਾ ਵਿਰੋਧ ਕਰਨ ਦਾ ਪੈਂਤੜਾ ਮੱਲ ਲਿਆ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧੀ ਪਾਰਟੀਆਂ ਦੇ ਗੱਠਜੋੜ ਦਾ ਨਾਂਅ ਸੁਣਦਿਆਂ ਹੀ ਇਹ ਕਹਿ ਕੇ ਵਿਵਾਦ ਦੀ ਸ਼ੁਰੂਆਤ ਕਰ ਦਿੱਤੀ ਕਿ ਕੋਈ ਫਰਕ ਨਹੀਂ ਪੈਂਦਾ, ਈਸਟ ਇੰਡੀਆ ਕੰਪਨੀ ਵੀ ਏਥੇ ਆਈ ਸੀ। ਇਸ਼ਾਰਾ ਮਿਲਦੇ ਸਾਰ ਭਾਜਪਾ ਦੇ ਸਿਖਰ ਤੋਂ ਹੇਠਲੀ ਸ਼ਾਖਾ ਤੱਕ ਦੇ ਲੀਡਰਾਂ ਨੇ 'ਇੰਡੀਆ' ਸ਼ਬਦ ਦੇ ਵਿਰੋਧ ਲਈ ਆਪੋ-ਆਪਣੇ ਸਿਰਾਂ ਨਾਲ ਕਈ ਤਰ੍ਹਾਂ ਦੇ ਸ਼ੋਸ਼ੇ ਘੜਨੇ ਤੇ ਬਿਆਨ ਦਾਗਣੇ ਸ਼ੁਰੂ ਕਰ ਦਿੱਤੇ ਸਨ। ਇਸ ਪਿੱਛੋਂ ਇਹ ਗੱਲ ਸੁਣੀ ਗਈ ਕਿ ਭਾਰਤ ਸਰਕਾਰ ਚਲਾ ਰਹੀ ਭਾਜਪਾ ਦੀ ਲੀਡਰਸ਼ਿਪ 'ਇੰਡੀਆ' ਸ਼ਬਦ ਤੋਂ ਏਨੀ ਤ੍ਰਹਿਕੀ ਹੋਈ ਹੈ ਕਿ ਆਪਣੇ ਦੇਸ਼ ਦੇ ਨਾਂਅ ਵਜੋਂ ਸੰਵਿਧਾਨ ਵਿੱਚ ਲਿਖਿਆ 'ਇੰਡੀਆ' ਸ਼ਬਦ ਵੀ ਕੱਟ ਦੇਣ ਬਾਰੇ ਸੋਚ ਰਹੀ ਹੈ। ਭਾਰਤੀ ਸੰਵਿਧਾਨ ਦੇ ਅੰਗਰੇਜ਼ੀ ਰੂਪ ਦੇ ਮੁੱਢ ਵਿੱਚ ਲਿਖਿਆ ਹੈ: 'WE, THE PEOPLE OF INDIA' ਅਤੇ ਇਸ ਦੇ ਹਿੰਦੀ ਰੂਪ ਵਿੱਚ ਇਸ ਦੀ ਥਾਂ 'हम, भारत के लोग' ਲਿਖਿਆ ਗਿਆ ਹੋਣ ਦਾ ਮਤਲਬ ਹੈ ਕਿ ਸੰਵਿਧਾਨ ਵਿੱਚ ਦੋਵੇਂ ਨਾਂਅ ਇੱਕੋ ਜਿਹੇ ਅਰਥਾਂ ਦੇ ਪ੍ਰਤੀਕ ਹਨ। ਕਿਸੇ ਗੱਠਜੋੜ ਦਾ ਕੀ ਨਾਂਅ ਰੱਖਿਆ ਜਾਂਦਾ ਹੈ, ਇਸ ਨਾਲ ਇਸ ਦੇਸ਼ ਦੇ ਨਾਂਅ ਉੱਤੇ ਕਿੰਤੂ ਨਹੀਂ ਸੀ ਹੋਣਾ ਚਾਹੀਦਾ।

ਸਰਕਾਰੀ ਪੱਖ ਇਹ ਕਹੀ ਜਾਂਦਾ ਹੈ ਕਿ ਇਹੋ ਜਿਹੀ ਕੋਈ ਗੱਲ ਨਹੀਂ, ਪਰ ਇਸ ਨਾਲ ਕੋਈ ਫਰਕ ਵੀ ਨਹੀਂ ਪੈਂਦਾ, ਕਿਉਂਕਿ ਇਸ ਦੇਸ਼ ਦਾ ਨਾਂਅ ਅਸਲ ਵਿੱਚ 'ਭਾਰਤ' ਹੀ ਹੈ, 'ਇੰਡੀਆ' ਨਾਂਅ ਵਿਦੇਸ਼ੀਆਂ ਨੇ ਆ ਕੇ ਰੱਖ ਲਿਆ ਸੀ, ਉਸ ਨੂੰ ਛੱਡ ਦੇਣਾ ਚਾਹੀਦਾ ਹੈ। ਪਹਿਲੀ ਗੱਲ ਇਹ ਕਿ ਜੇ ਇਹੋ ਜਿਹੀ ਕੋਈ ਗੱਲ ਕੇਂਦਰ ਸਰਕਾਰ ਚਲਾਉਣ ਵਾਲੀ ਧਿਰ ਦੇ ਆਗੂਆਂ ਦੇ ਮਨਾਂ ਵਿੱਚ ਨਹੀਂ ਸੀ ਤਾਂ ਭਾਰਤ ਦੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੱਲੋਂ ਦਿੱਤੇ ਜਾਣ ਵਾਲੇ ਰਾਤ ਦੇ ਖਾਣੇ, ਡਿਨਰ ਦੇ ਸੱਦਾ-ਪੱਤਰ ਵਿੱਚ ਅੱਜ ਤੱਕ ਜ਼ਿੱਦਾਂ 'ਪ੍ਰੈਜ਼ੀਡੈਂਟ ਆਫ ਇੰਡੀਆ' ਲਿਖਿਆ ਜਾਂਦਾ ਸੀ, ਉਸ ਨੂੰ ਬਦਲ ਕੇ 'ਪ੍ਰੈਜ਼ੀਡੈਂਟ ਆਫ ਭਾਰਤ' ਲਿਖਣ ਦੀ ਲੋੜ ਕੀ ਪੈ ਗਈ ਸੀ? ਇਸ ਦੇ ਨਾਲ ਹੀ ਭਾਜਪਾ ਦੇ ਪਿੱਛੇ ਖੜੇ ਆਰ ਐੱਸ ਐੱਸ (ਰਾਸ਼ਟਰੀ ਸੋਇਮਸੇਵਕ ਸੰਘ) ਦੇ ਮੁਖੀ ਮੋਹਨ ਭਾਗਵਤ ਨੂੰ ਇੱਕ ਸਮਾਗਮ ਵਿੱਚ ਇਹ ਕਹਿਣ ਦੀ ਲੋੜ ਕਿਉਂ ਪਈ ਕਿ 'ਸਾਨੂੰ ਇੰਡੀਆ ਕਹਿਣਾ ਬੰਦ ਕਰਨਾ ਚਾਹੀਦਾ ਹੈ, ਸਿਰਫ ਭਾਰਤ ਕਹਿਣਾ ਚਾਹੀਦਾ ਹੈ!' ਸਾਫ ਗੱਲ ਹੈ ਕਿ ਇਸ ਬਾਰੇ ਵਿਚਾਰ ਕਰਨ ਤੋਂ ਬਾਅਦ ਇਹ ਸਾਂਝੀ ਸੁਰ ਕੱਢੀ ਗਈ ਹੈ ਅਤੇ ਇਸ ਦੇ ਵਿਰੋਧ ਲਈ 'ਵਿਦੇਸ਼ੀਆਂ ਦਾ ਰੱਖਿਆ ਨਾਂਅ' ਵਾਲੀ ਮੁਹਾਰਨੀ ਸੋਚ ਕੇ ਪੜ੍ਹੀ ਜਾ ਰਹੀ ਹੈ। ਪਹਿਲਾਂ ਤਾਂ ਕਦੀ ਇਹੋ ਜਿਹੀ ਕੋਈ ਗੱਲ ਨਹੀਂ ਸੀ ਕਹੀ ਗਈ।

ਮੈਂ ਖੁਦ ਕਦੀ 'ਇੰਡੀਆ' ਸ਼ਬਦ ਦੀ ਵਰਤੋਂ ਲੋੜ ਤੋਂ ਬਗੈਰ ਨਹੀਂ ਕੀਤੀ, ਆਮ ਕਰ ਕੇ ਵਿਦੇਸ਼ ਵਿੱਚ ਜਾਂ ਫਿਰ ਕਿਸੇ ਵਿਸ਼ੇਸ਼ ਸਮਾਗਮ ਵਿੱਚ ਲੋੜ ਪੈਣ ਉੱਤੇ ਕਰਦਾ ਹਾਂ, ਅੱਗੋਂ-ਪਿੱਛੋਂ ਭਾਰਤ ਜਾਂ ਹਿੰਦੁਸਤਾਨ ਸ਼ਬਦਾਂ ਦੀ ਵਰਤੋਂ ਨਾਲ ਡੰਗ ਸਾਰਦਾ ਹਾਂ। ਮੈਨੂੰ ਕਈ ਵਾਰੀ ਇਸ ਗੱਲੋਂ ਨੁਕਤਾਚੀਨੀ ਸਹਿਣੀ ਪਈ ਹੈ ਕਿ 'ਹਿੰਦੁਸਤਾਨ' ਸ਼ਬਦ ਵਰਤਣ ਦੇ ਨਾਲ ਮੈਂ ਹਿੰਦੂਤਵ ਵਾਲਿਆਂ ਦੇ ਗੁਬਾਰੇ ਵਿੱਚ ਹਵਾ ਭਰਨ ਦਾ ਕੰਮ ਕਰਦਾ ਹਾਂ, ਪਰ ਮੈਂ ਇਹ ਗੱਲ ਕਦੀ ਨਹੀਂ ਮੰਨੀ ਅਤੇ ਮੰਨਾਂਗਾ ਵੀ ਨਹੀਂ। ਇਸ ਦਾ ਕਾਰਨ ਇਹ ਹੈ ਕਿ ਹਿੰਦੁਸਤਾਨ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਗੁਰਬਾਣੀ ਦੇ ਵਿੱਚ ਵਰਤਿਆ ਅਤੇ 'ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿੰਦੁਸਤਾਨੁ ਸਮਾਲਸੀ ਬੋਲਾ' ਦਰਜ ਕੀਤਾ ਹੋਇਆ ਹੈ। ਹਿੰਦੂਤਵ ਦੇ ਕਿਸੇ ਉਭਾਰ ਜਾਂ ਰਾਜਨੀਤੀ ਤੋਂ ਡਰ ਕੇ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਹੇ ਨੂੰ ਨਹੀਂ ਭੁਲਾ ਸਕਦਾ। ਇਸ ਦੇ ਇਲਾਵਾ ਸਾਡੇ ਦੇਸ਼ ਭਗਤਾਂ ਨੇ ਵੀ ਇਸ ਦੇਸ਼ ਲਈ ਇਸ ਨਾਂਅ ਦੀ ਵਰਤੋਂ ਕਈ ਥਾਂ ਕੀਤੀ ਹੋਈ ਹੈ। 'ਗਦਰ ਦੀ ਗੂੰਜ' ਵਿੱਚ ਜਦੋਂ ਇਹ ਲਿਖਿਆ ਮਿਲਦਾ ਹੈ ਕਿ 'ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ' ਤਾਂ ਇਸ ਦੇ ਸੁਨੇਹੇ ਤੋਂ ਮਿਲਦੀ ਹਿੰਦੁਸਤਾਨ ਦੀ ਸਾਂਝੀ ਵਿਰਾਸਤ ਦੀ ਸੋਚ ਮੈਂ ਹਿੰਦੂਤਵ ਦੇ ਉਭਾਰ ਕਾਰਨ ਨਹੀਂ ਭੁਲਾ ਸਕਦਾ। ਜਿਹੜੀ ਧਿਰ ਨੂੰ ਅੱਜ 'ਇੰਡੀਆ' ਸ਼ਬਦ ਬੁਰਾ ਲੱਗਣ ਲੱਗ ਪਿਆ ਹੈ, ਉਨ੍ਹਾਂ ਨੂੰ ਇਹ ਗੱਲ ਪਤਾ ਨਹੀਂ ਹੋਣੀ ਕਿ 'ਹਿੰਦੁਸਤਾਨ' ਸ਼ਬਦ ਵੀ ਜਦੋਂ ਸਿੰਧ ਦੇ ਪਾਰ ਤੋਂ ਕਾਫਲੇ ਆਏ ਸਨ, ਭਾਰਤ ਲਈ ਪਹਿਲੀ ਵਾਰੀ ਉਨ੍ਹਾਂ ਨੇ ਵਰਤਿਆ ਸੀ। ਇਹ ਸ਼ਬਦ ਭਾਰਤ ਦੇ ਲੋਕਾਂ ਦਾ ਘੜਿਆ ਹੋਇਆ ਨਹੀਂ, ਭਾਰਤੀ ਪੁਰਾਤਨਤਾ ਵਿੱਚ ਇਸ ਦੇ ਨਾਵਾਂ ਵਿੱਚ ਭਾਰਤ, ਆਰੀਆਵ੍ਰਤ ਤੇ ਇਸ ਤੋਂ ਇਲਾਵਾ ਜੰਬੂਦੀਪ ਵੀ ਚੱਲਦਾ ਰਿਹਾ ਹੈ। ਇਸ ਦੇਸ਼ ਲਈ ਕਈ ਹੋਰ ਨਾਂਅ ਵੀ ਚੱਲਦੇ ਰਹੇ ਹੋ ਸਕਦੇ ਹਨ।

ਜਿੱਥੋਂ ਤੱਕ ਰਾਜਸੀ ਕਾਰਨਾਂ ਕਰ ਕੇ 'ਇੰਡੀਆ' ਸ਼ਬਦ ਦੇ ਵਿਰੋਧ ਵਾਲਾ ਮੁੱਦਾ ਹੈ, ਵਿਰੋਧ ਕਰਨ ਵਾਲੇ ਲੋਕਾਂ ਨੂੰ ਇਹ ਵੀ ਪਤਾ ਨਹੀਂ ਕਿ ਇਹ ਨਾਂਅ ਕਦੋਂ ਅਤੇ ਕਿਸ ਨੇ ਸ਼ੁਰੂ ਕੀਤਾ ਸੀ! ਉਹ ਬਹੁਤਾ ਕਰ ਕੇ ਇਸ ਨੂੰ ਈਸਟ ਇੰਡੀਆ ਕੰਪਨੀ ਵਾਲਿਆਂ ਨਾਲ ਜੋੜ ਕੇ ਖੱਪ ਪਾਈ ਜਾਂਦੇ ਹਨ, ਜਦ ਕਿ ਉਹ ਕੰਪਨੀ ਬਹੁਤ ਪਿੱਛੋਂ ਆਈ ਸੀ, ਇਹ ਨਾਂਅ ਪਹਿਲਾਂ ਪ੍ਰਚੱਲਤ ਹੋ ਗਿਆ ਸੀ। ਸਾਡੇ ਪੰਜਾਬ ਨੂੰ ਪਹਿਲਾਂ 'ਪੰਚ-ਨਦ' ਕਿਹਾ ਜਾਂਦਾ ਸੀ, ਜਦੋਂ ਦਰਿਆ ਸਿੰਧ ਦੇ ਪਾਰਲੇ ਇਲਾਕੇ ਤੋਂ ਪਾਣੀ ਨੂੰ ਆਬ ਕਹਿਣ ਵਾਲੇ ਲੋਕ ਏਧਰ ਆਏ ਤਾਂ ਉਨ੍ਹਾਂ ਨੇ 'ਪੰਜ-ਨਦ' ਦੀ ਥਾਂ 'ਪੰਜ-ਆਬ' ਦਾ ਨਵਾਂ ਨਾਂਅ ਚਲਾ ਦਿੱਤਾ ਸੀ। ਕੀ ਅਸੀਂ ਅੱਜ ਪੰਜ-ਆਬ ਵਾਲੇ ਪੰਜਾਬ ਦੀ ਥਾਂ ਫਿਰ 'ਪੰਚ-ਨਦ' ਕਹੇ ਜਾਣ ਦਾ ਹੋਕਾ ਦੇ ਸਕਦੇ ਹਾਂ! ਇਹੋ ਜਿਹਾ ਕੋਈ ਹੋਕਾ ਦੇ ਵੀ ਦਿੱਤਾ ਤਾਂ ਲੋਕਾਂ ਨੇ ਚੁੱਕਣਾ ਨਹੀਂ। ਦੂਸਰੀ ਗੱਲ ਇਹ ਕਿ ਸਿੰਧ ਦਰਿਆ ਨੂੰ ਜਿਵੇਂ ਅਸੀਂ ਬੋਲਦੇ ਹਾਂ, ਬਲੋਚਿਸਤਾਨ ਤੋਂ ਪਾਰਲੇ ਇਲਾਕਿਆਂ ਦੇ ਲੋਕ ਇਸ ਦੇ 'ਸੱਸਾ' ਸ਼ਬਦ ਨੂੰ 'ਹਾਹਾ' ਵਾਲੀ ਸੁਰ ਵਿੱਚ ਬੋਲਦੇ ਅਤੇ 'ਹਿੰਦ' ਕਹਿੰਦੇ ਸਨ ਤੇ ਓਦੋਂ ਵੀ ਪਾਰਲੇ ਮੱਧ ਏਸ਼ੀਆ ਅਤੇ ਯੂਰਪ ਵਾਲੇ ਲੋਕ ਆਪਣੀ ਅੰਗਰੇਜ਼ੀ ਭਾਸ਼ਾ ਵਿੱਚ ਲਿਖਣ ਪਿੱਛੋਂ ਬੋਲਣ ਵੇਲੇ 'Hind' ਕਹਿਣ ਦੀ ਥਾਂ ਇਸ ਦੇ ਮੁੱਢ ਵਾਲਾ 'ਐੱਚ' ਛੱਡ ਕੇ 'ਇੰਡ' ਬੋਲਦੇ ਸਨ। ਈਸਟ ਇੰਡੀਆ ਕੰਪਨੀ ਦਸੰਬਰ 1600 ਵਿੱਚ ਬਣਾਈ ਗਈ ਸੀ, ਜਦ ਕਿ ਭਾਰਤ ਦੇ ਦੱਖਣ ਵੱਲ ਦੁਨੀਆ ਦੇ ਪੰਜਵੇਂ ਵੱਡੇ ਸਮੁੰਦਰ ਹਿੰਦ ਮਹਾਸਾਗਰ ਦਾ ਨਾਂਅ ਸਾਲ 1515 ਵਿੱਚ ਸੰਸਾਰ ਭਰ ਵਿੱਚ 'ਇੰਡੀਅਨ ਓਸ਼ਨ' ਪ੍ਰਵਾਨ ਹੋ ਗਿਆ ਸੀ। ਅਜੇਕੇ ਕੈਲੰਡਰ ਈਸਾ ਤੋਂ ਸ਼ੁਰੂ ਹੁੰਦੇ ਹਨ ਤੇ ਇਸ ਹਿਸਾਬ ਨਾਲ ਅੱਜ ਦੋ ਹਜ਼ਾਰ ਤੇਈ ਦਾ ਸਾਲ ਚੱਲਦਾ ਹੈ, ਪਰ ਉਸ ਕੈਲੰਡਰ ਦੇ ਸ਼ੁਰੂ ਹੋਣ ਤੋਂ ਵੀ ਲਗਭਗ ਛੇ ਸੌ ਸਾਲ ਪਹਿਲਾਂ ਸਿੰਧ ਨਦੀ ਨੂੰ 'ਇੰਡਸ ਰਿਵਰ' ਦਾ ਨਾਂਅ ਸੰਸਾਰ ਭਰ ਦੇ ਲੇਖਕਾਂ ਨੇ ਦੇ ਦਿੱਤਾ ਸੀ। ਕੀ ਭਾਰਤ ਦੀ ਪਾਰਲੀਮੈਂਟ ਕਿਸੇ ਤਰ੍ਹਾਂ 'ਇੰਡੀਆ' ਦਾ ਸ਼ਬਦ ਭਾਰਤ ਤੋਂ ਕੱਟ ਦੇਵੇਗੀ ਤਾਂ ਸੰਸਾਰ ਭਰ ਦੇ ਲੋਕ ਸਾਡੇ ਕਹਿਣ ਉੱਤੇ 'ਇੰਡੀਅਨ ਓਸ਼ਨ' ਨਾਂਅ ਦੇ ਮਹਾਂ-ਸਮੁੰਦਰ ਨੂੰ ਇਨ੍ਹਾਂ ਭਾਰਤੀ ਆਗੂਆਂ ਦੀ ਮਰਜ਼ੀ ਦੇ ਨਾਂਅ ਨਾਲ 'ਭਾਰਤ' ਕਹਿਣਾ ਸ਼ੁਰੂ ਕਰ ਦੇਣਗੇ ਤੇ ਸਿੰਧ ਦਰਿਆ ਦਾ ਅੰਗਰੇਜ਼ੀ ਨਾਂਅ 'ਇੰਡਸ ਰਿਵਰ' ਇਨ੍ਹਾਂ ਦੇ ਕਹਿਣ ਉੱਤੇ ਕੁਝ ਹੋਰ ਲਿਖ ਲੈਣ ਦਾ ਫੈਸਲਾ ਕਰਨਗੇ? ਏਦਾਂ ਹੋਣ ਦੀ ਆਸ ਸੌਖੀ ਨਹੀਂ ਕੀਤੀ ਜਾ ਸਕਦੀ। ਅੱਜ ਇੰਟਰਨੈੱਟ ਦਾ ਯੁੱਗ ਹੈ, ਉਸ ਦੇ ਲਈ ਹਰ ਇੱਕ ਦੇਸ਼ ਲਈ ਇੱਕ ਇੰਟਰਨੈੱਟ ਟਾਪ ਲੈਵਲ ਡੋਮੇਨ ਪ੍ਰਵਾਨ ਹੋਇਆ ਹੁੰਦਾ ਹੈ। ਭਾਰਤ ਲਈ ਇਹ ਡੋਮੇਨ .in' ਦਰਜ ਹੈ, ਕੀ ਭਾਰਤ ਦੇ ਕਹਿਣ ਉੱਤੇ ਇਸ ਦੀ ਤਬਦੀਲੀ ਏਨੀ ਸੌਖੀ ਹੋ ਸਕਦੀ ਹੈ? ਇਹ ਗੱਲਾਂ ਸੋਚਣ ਦੀ ਲੋੜ ਵੀ ਕੋਈ ਨਹੀਂ ਸਮਝਦਾ ਅਤੇ 'ਇੰਡੀਆ' ਦੇ ਵਿਰੋਧ ਵਾਲੀ ਸੁਰ ਉੱਤੇ ਨੱਚੀ ਜਾਂਦੇ ਹਨ।

ਅਗਲਾ ਸਵਾਲ ਇਹ ਹੈ ਕਿ ਜੇ ਅੱਜ ਵਿਰੋਧੀ ਪਾਰਟੀਆਂ ਦੇ ਗੱਠਜੋੜ ਦਾ ਨਾਂਅ 'ਇੰਡੀਆ' ਲਿਖਿਆ ਜਾਣ ਮਗਰੋਂ 'ਇੰਡੀਆ' ਸ਼ਬਦ ਦਾ ਵਿਰੋਧ ਰਾਜਸੀ ਲੋੜਾਂ ਕਾਰਨ ਨਹੀਂ ਹੋ ਰਿਹਾ ਤਾਂ ਕੋਈ ਪੁੱਛ ਸਕਦਾ ਹੈ ਕਿ ਅੱਜ ਤੱਕ ਹਰ ਸਾਲ ਰਾਸ਼ਟਰਪਤੀ ਦੇ ਸੱਦਾ-ਪੱਤਰਾਂ ਉੱਤੇ 'ਪ੍ਰੈਜ਼ੀਡੈਂਟ ਆਫ ਇੰਡੀਆ' ਲਿਖਦੇ ਸਨ, ਅਚਾਨਕ 'ਪ੍ਰੈਜ਼ੀਡੈਂਟ ਆਫ ਭਾਰਤ' ਦੀ ਵਰਤੋਂ ਕਿਉਂ ਕਰਨੀ ਪਈ ਹੈ? 'ਜੀਤੇਗਾ ਇੰਡੀਆ' ਦੇ ਨਾਅਰੇ ਚਿਰਾਂ ਤੋਂ ਲੱਗਦੇ ਆਏ ਸਨ ਤੇ 'ਬੋਰਡ ਆਫ ਕੰਟਰੋਲ ਫਾਰ ਕ੍ਰਿਕਟ ਇਨ ਇੰਡੀਆ' ਦੀ ਪ੍ਰਧਾਨਗੀ ਭਾਜਪਾ ਲੀਡਰ ਕਰਦੇ ਰਹੇ ਸਨ ਤਾਂ ਕਿਉਂ ਕਰਦੇ ਸਨ? ਕੀ ਉਨ੍ਹਾਂ ਨੇ ਇਹ ਵੀ ਨਹੀਂ ਸੋਚਿਆ ਕਿ ਰਾਜਸੀ ਲੋੜਾਂ ਲਈ 'ਇੰਡੀਆ' ਸ਼ਬਦ ਨੂੰ ਕੱਟੇ ਜਾਣ ਨਾਲ ਇਹ ਗੱਲ ਮੁੱਕ ਨਹੀਂ ਜਾਣੀ, ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼, ਸਟੀਲ ਅਥਾਰਟੀ ਆਫ ਇੰਡੀਆ, ਗੈਸ ਅਥਾਰਟੀ ਆਫ ਇੰਡੀਆ, ਇੰਡੀਅਨ ਏਅਰ ਫੋਰਸ, ਸੁਪਰੀਮ ਕੋਰਟ ਆਫ ਇੰਡੀਆ ਅਤੇ ਮੰਗਲ, ਚੰਦ ਤੇ ਸੂਰਜ ਵੱਲ ਉੱਪਰ ਗ੍ਰਹਿ ਭੇਜ ਕੇ ਸੰਸਾਰ ਵਿੱਚ ਨਾਮਣਾ ਖੱਟਣ ਵਾਲੀ ਇੰਡੀਅਨ ਸਪੇਸ ਰਿਸਰਚ ਆਰਗੇਨਾਈਜ਼ੇਸ਼ਨ ਸਾਰਿਆਂ ਦੇ ਨਾਂਅ ਵਾਲਾ 'ਇੰਡੀਆ' ਵੀ ਨਾਲ ਹੀ ਕੱਟਣਾ ਪੈਣਾ ਹੈ? ਸਭ ਤੋਂ ਵੱਡੀ ਸੋਚਣ ਵਾਲੀ ਗੱਲ ਹੈ ਕਿ ਪ੍ਰਧਾਨ ਮੰਤਰੀ ਨਾਲ ਲੱਗੇ ਜਿਹੜੇ ਅਫਸਰ ਉਨ੍ਹਾਂ ਦੀ ਕੋਰ ਟੀਮ ਗਿਣੇ ਜਾਂਦੇ ਹਨ, ਉਹ ਆਈ ਏ ਐੱਸ, ਆਈ ਪੀ ਐੱਸ, ਆਈ ਐੱਫ ਐੱਸ ਅਤੇ ਪਤਾ ਨਹੀਂ ਕਿੰਨੇ ਹੋਰ 'ਆਈ' ਸਰਵਿਸ ਵਾਲੇ ਹੋਣਗੇ ਤੇ ਇਨ੍ਹਾਂ ਸਾਰਿਆਂ ਦੇ ਨਾਂਅ ਨਾਲ ਮੁੱਢ ਵਿੱਚ ਲੱਗਣ ਵਾਲੇ 'ਆਈ' ਦਾ ਅਰਥ 'ਇੰਡੀਅਨ' ਹੁੰਦਾ ਹੈ, ਉਨ੍ਹਾਂ ਸਾਰਿਆਂ ਦੇ ਇਸ ਸਰਵਿਸ ਦੇ ਪ੍ਰਤੀਕ ਇਹ ਸ਼ਬਦ ਵੀ ਕੱਟਣੇ-ਸੋਧਣੇ ਪੈ ਜਾਣੇ ਹਨ। ਆਖਰ ਇਹ ਸੋਧਾ-ਸੋਧੀ ਵਾਲਾ ਕੰਮ ਕਿੱਥੋਂ ਤੱਕ ਜਾਵੇਗਾ ਅਤੇ ਕਿੰਨਾ ਕੁ ਸਮਾਂ ਚੱਲਦਾ ਰਹੇਗਾ, ਇਹ ਵੀ ਸੋਚ ਲੈਣਾ ਚਾਹੀਦਾ ਹੈ।

ਇੱਕ ਹੋਰ ਵੱਡੀ ਗੱਲ ਇਹ ਹੈ ਕਿ ਕੁਝ ਕੁ ਸਾਲ ਪਹਿਲਾਂ ਭਾਰਤ ਸਰਕਾਰ ਨੇ ਏਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਦੇ ਕਰੰਸੀ ਨੋਟਾਂ ਵਿੱਚ ਤਬਦੀਲੀ ਕੀਤੀ ਤਾਂ ਸਾਰੀ ਦਿੱਖ ਬਦਲ ਦਿੱਤੀ ਸੀ। ਸਾਢੇ ਚੌਦਾਂ ਲੱਖ ਕਰੋੜ ਰੁਪਏ ਦੀ ਕੀਮਤ ਦੇ ਪੁਰਾਣੇ ਨੋਟ ਬਦਲੇ ਗਏ ਸਨ ਤੇ ਉਨ੍ਹਾਂ ਦੀ ਥਾਂ ਪਤਾ ਨਹੀਂ ਕਿ ਕਿੰਨੇ ਲੱਖ ਕਰੋੜ ਰੁਪਏ ਦੀ ਕੀਮਤ ਦੇ ਨਵੇਂ ਨੋਟ ਛਾਪੇ ਸਨ। ਜੇ ਵਿਰੋਧੀ ਧਿਰਾਂ ਦੇ 'ਇੰਡੀਆ' ਗੱਠਜੋੜ ਤੋਂ ਪਹਿਲਾਂ ਭਾਜਪਾ ਅਤੇ ਆਰ ਐੱਸ ਐੱਸ ਦੀ ਸੋਚ ਇਹ ਸੀ ਕਿ 'ਇੰਡੀਆ' ਅਸੀਂ ਰੱਖਣਾ ਨਹੀਂ ਅਤੇ ਭਾਰਤ ਵਾਲੀ ਲੀਹ ਉੱਤੇ ਚੱਲਣਾ ਹੈ ਤਾਂ ਓਦੋਂ ਲੱਖਾਂ ਕਰੋੜ ਕੀਮਤ ਦੇ ਕਰੰਸੀ ਨੋਟਾਂ ਉੱਤੇ 'ਰਿਜ਼ਰਵ ਬੈਂਕ ਆਫ ਇੰਡੀਆ' ਛਾਪ ਕੇ ਕਰੋੜਾਂ ਰੁਪਏ ਕਿਉਂ ਫੂਕ ਦਿੱਤੇ ਸਨ? ਇਹ ਗੱਲਾਂ ਪਹਿਲਾਂ ਕਦੀ ਕਹੀਆਂ ਹੁੰਦੀਆਂ ਤਾਂ ਮੰਨਣ ਵਿੱਚ ਆ ਵੀ ਸਕਦੀਆਂ ਸਨ, ਅੱਜ ਕਹਿਣ ਨਾਲ ਕੇਂਦਰ ਸਰਕਾਰ ਚਲਾ ਰਹੀ ਧਿਰ ਲਈ ਇਸ ਦਾ ਉਲਟਾ ਪ੍ਰਭਾਵ ਪੈਂਦਾ ਹੈ। ਆਮ ਲੋਕਾਂ ਵਿੱਚ ਇਹ ਚਰਚਾ ਚੱਲ ਪਈ ਹੈ ਕਿ ਵਿਰੋਧੀ ਧਿਰਾਂ ਦੇ ਗੱਠਜੋੜ ਦੇ ਮੁੱਢਲੇ ਕਦਮ ਨਾਲ ਭਾਜਪਾ ਲੀਡਰਸ਼ਿਪ ਤ੍ਰਹਿਕ ਗਈ ਹੈ ਤਾਂ ਅਗਲੇ ਦਿਨੀਂ ਜਦੋਂ ਲੋਕਾਂ ਤੱਕ ਪਿਛਲੇ ਸਮੇਂ ਦੀਆਂ ਉਹ ਵੀਡੀਓ ਜਾਣਗੀਆਂ, ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ ਮੋਦੀ 'ਮੇਕ ਇਨ ਇੰਡੀਆ' ਦਾ ਨਾਅਰਾ ਪੇਸ਼ ਕਰਦੇ ਪਏ ਹਨ ਅਤੇ ਵੱਖ-ਵੱਖ ਥਾਂਈਂ ਵੋਟਾਂ ਲੈਣ ਲਈ ਇਹ ਨਾਅਰਾ ਵੀ ਖੁਦ ਲਵਾਉਂਦੇ ਪਏ ਸਨ ਕਿ 'ਬੇਰੁਜ਼ਗਾਰੀ ਕੇ ਖਾਤਮੇ ਕੇ ਲੀਏ: ਵੋਟ ਫਾਰ ਇੰਡੀਆ, ਮਹਿੰਗਾਈ ਕੇ ਖਾਤਮੇ ਕੇ ਲੀਏ: ਵੋਟ ਫਾਰ ਇੰਡੀਆ' ਤਾਂ ਭਾਰਤ ਦੇ ਲੋਕ ਆਪਣੇ ਪ੍ਰਧਾਨ ਮੰਤਰੀ ਬਾਰੇ ਕੀ ਕੁਝ ਨਹੀਂ ਕਹਿਣਗੇ? ਸਿਆਸੀ ਲੜਾਈਆਂ ਦਾ ਮਾਹਰ ਗਿਣੇ ਜਾਂਦੇ ਨਰਿੰਦਰ ਮੋਦੀ ਇਸ ਮਾਮਲੇ ਵਿੱਚ ਲੋਕ ਸਭਾ ਚੋਣਾਂ ਦਾ ਭੇੜ ਸ਼ੁਰੂ ਹੋਣ ਤੋਂ ਪਹਿਲਾਂ ਹੀ ਗਲਤੀ ਕਰ ਬੈਠੇ ਜਾਪਦੇ

10-Sep-Sunday.qxd 9/9/2023 9:46 PM Page 4

ਵੱਖਰੀ ਵਸਤੂ, ਵਿਲੱਖਣ ਸੁਰ ਦਾ ਲਖਾਇਕ ਨਾਵਲ



ਕਿਤਾਬ ਦੀ

ਪਰਖ ਪੜਚੋਲ

ਡਾ. ਸੁਰਜੀਤ ਸਿੰਘ ਬਰਾੜ

ਬੇਅਦਬੀ

(ਨਾਵਲ)
ਗੁਰਨਾਮ ਸਿੰਘ ਅਕੀਦਾ
ਸਫੇ : 296, ਮੁੱਲ: 400 ਰੁਪਏ
ਤਰਕ ਭਾਰਤ ਪ੍ਰਕਾਸ਼ਨ, ਬਰਨਾਲਾ

ਗੁਰਨਾਮ ਸਿੰਘ ਅਕੀਦਾ ਇੱਕ ਨਾਮਵਰ ਪੱਤਰਕਾਰ ਹੈ। ਪੱਤਰਕਾਰੀ ਵੀ ਸਾਹਿਤ ਦੀ ਇੱਕ ਵਿਧਾ ਹੈ। ਪੱਤਰਕਾਰ ਲਈ ਕਹਾਣੀ ਜਾਂ ਨਾਵਲ ਲਿਖਣਾ ਮੁਸ਼ਕਲ ਕਾਰਜ ਨਹੀਂ ਹੁੰਦਾ। ਪੱਤਰਕਾਰ ਕੋਲ ਖਬਰਾਂ, ਘਟਨਾਵਾਂ ਅਤੇ ਮਜ਼ਮੂਨ ਹੁੰਦੇ ਹਨ, ਜਿਨ੍ਹਾਂ ਨੂੰ ਸਹਿਜੇ ਹੀ ਗਲਪ ਵਿੱਚ ਢਾਲ ਸਕਣ ਦੇ ਸਮਰੱਥ ਹੁੰਦਾ ਹੈ। ਇਸ ਸਮਰੱਥਾ ਕਾਰਨ ਹੀ ਅਕੀਦਾ 'ਬੇਅਦਬੀ' ਵਰਗਾ ਅਹਿਮ ਨਾਵਲ ਸਿਰਜ ਸਕਿਆ ਹੈ। ਅਕੀਦੇ ਨੇ ਦੋ ਕਹਾਣੀ ਸੰਗ੍ਰਹਿ (ਸੌ ਕਰੋੜ ਇਕਲੱਵਿਆ, ਦਫਾ 498 ਏ) ਤੋਂ ਬਿਨਾਂ 'ਕੱਖ-ਕੰਡੇ' ਸਵੈ-ਜੀਵਨੀ ਰਚੀ ਹੈ। 'ਪੱਤਰਕਾਰ ਦੀ ਮੌਤ' ਪੱਤਰਕਾਰੀ ਨਾਲ ਸੰਬੰਧਤ ਪੁਸਤਕ ਹੈ। 'ਕਤਲ ਹੋਇਆ ਰੱਬ' ਤੋਂ ਬਾਅਦ ਗੁਰਨਾਮ ਸਿੰਘ ਅਕੀਦਾ ਦਾ ਇਹ 'ਬੇਅਦਬੀ' ਨਾਵਲ ਦੂਜਾ ਨਾਵਲ ਹੈ। ਇਹ ਨਾਵਲ ਵਸਤੂ ਯਥਾਰਥ ਪੱਖੋਂ ਹੀ ਨਹੀਂ, ਸਗੋਂ ਸੁਹਜ ਕਲਾ ਪੱਖੋਂ ਵੀ ਵਿਲੱਖਣ ਅਤੇ ਵੱਖਰੀ ਸੁਰ ਦਾ ਲਖਾਇਕ ਹੈ। ਇਸ ਨਾਵਲ ਦੇ ਤਿੰਨ ਭਾਗ ਹਨ। ਇਹ ਤਿੰਨੋਂ ਨਾਵਲ ਪਰਸਪਰ ਸੰਬੰਧਤ ਹਨ। ਇਸ ਨਾਵਲ ਦੀ ਮੁੱਖ ਨਾਇਕਾ ਸਿਮਰਤ ਹੈ, ਜਿਸ ਦੁਆਲੇ ਸਾਰਾ ਨਾਵਲ ਘੁੰਮਦਾ ਹੈ। ਇਹ ਨਾਵਲ ਕਈ ਕਥਾਵਾਂ-ਉਪ ਕਥਾਵਾਂ ਦਾ ਸੁਮੇਲ ਹੈ, ਜਿਸ ਨਾਲ ਨਾਵਲ ਦੀ ਛਵੀ 'ਚ ਵਾਧਾ ਹੁੰਦਾ ਹੈ। ਬਿਰਤਾਂਤ ਦੀ ਸਿਰਜਣਾ ਕਰਦਿਆਂ ਉਹ ਭਾਵੇਂ ਟਕਸਾਲੀ (ਮਲਵਈ ਭਾਸ਼ਾ) ਭਾਸ਼ਾ ਦੀ ਵਰਤੋਂ ਕਰਦਾ ਹੈ, ਪਰ ਜਦ ਉਹ ਸੰਵਾਦ ਸਿਰਜਦਾ ਹੈ ਤਾਂ ਉਹ ਪਟਿਆਲਾ-ਮਾਨਸਾ-ਸੰਗਰੂਰ ਦੀ ਉਪ-ਬੋਲੀ ਦੀ ਵਰਤੋਂ ਕਰਦਾ ਹੈ। ਇਹ ਨਾਵਲ ਭਾਸ਼ਾ-ਬੋਲੀ ਪੱਖੋਂ ਹੀ ਨਹੀਂ, ਸ਼ੈਲੀ ਪੱਖੋਂ ਵੀ ਮਹੱਤਵਸ਼ਾਲੀ ਹੈ। ਇਹ ਨਾਵਲ ਸਮਕਾਲ (ਵਰਤਮਾਨ) ਨੂੰ ਵੀ ਸੰਬੋਧਤ ਹੈ ਅਤੇ ਸਾਡੇ ਪਿਛੋਕੜ ਵਿਰਸੇ ਵਿਰਾਸਤ (ਨਾਂਦਰੂ-ਹਾਂਦਰੂ ਪੱਖ) ਦੀ ਜਾਣਕਾਰੀ ਵੀ ਮੁਹੱਈਆ ਕਰਦਾ ਹੈ। ਨਾਵਲ ਦੇ ਪਹਿਲੇ ਭਾਗ ਵਿੱਚ ਮੁੰਬਈ ਨਾਲ ਸੰਬੰਧਤ ਸਮਕਾਲੀ ਵੇਰਵੇ/ਘਟਨਾਵਾਂ ਹਨ। ਇਸ ਵਿੱਚ ਪੂੰਜੀਵਾਦੀ ਵਿਸ਼ਵੀਕਰਨ ਦੇ ਯਥਾਰਥ ਦੀ ਅਭਿ-ਵਿਅਕਤੀ ਹੋਈ ਹੈ। ਲੱਗਭੱਗ ਦੂਜੇ ਭਾਗਾਂ ਵਿੱਚ ਸਿਮਰਨ ਪੰਜਾਬ ਦੇ ਪਿਛੋਕੜ/ਵਿਰਸੇ/ਵਿਰਾਸਤ ਅਤੇ ਸਮਕਾਲੀ ਹਾਲਤਾਂ ਨੂੰ ਉਭਾਰਦੀ ਹੈ। ਉਹ ਆਪਣੇ ਸਿੱਖੀ ਦੇ ਕੱਟੜ ਧਾਰਨੀ ਆਪਣੇ ਪਾਪਾ ਗੁਰਸ਼ਰਨ ਸਿੰਘ ਅਤੇ ਮੰਮੀ ਗੁਰਚੇਤਨ ਕੌਰ ਨੂੰ ਪੰਜਾਬ, ਸਿੱਖ, ਸਿੱਖੀ ਅਤੇ ਸਿੱਖ ਧਰਮ ਬਾਰੇ ਯਥਾਰਥਕ/ਸੱਚੀ ਜਾਣਕਾਰੀ ਪ੍ਰਦਾਨ ਕਰਦੀ ਹੈ।

'ਬੇਅਦਬੀ' ਨਾਵਲ ਸਿੱਖ ਧਰਮ, ਸਿੱਖੀ, ਸਿੱਖੀ-ਫਲਸਫੇ ਦੁਆਲੇ ਕੇਂਦਰਤ ਹੈ। ਸਮਕਾਲ ਵਿੱਚ ਭਾਵੇਂ ਸਿੱਖ ਧਰਮ 'ਇੱਕ ਧਰਮ' ਦਾ ਰੁਤਬਾ ਗ੍ਰਹਿਣ ਕਰ ਚੁੱਕਾ ਹੈ, ਪਰ ਅਸਲ ਵਿੱਚ ਇਹ ਮਾਨਵਵਾਦੀ ਫਲਸਫੇ 'ਤੇ ਵਿਚਾਰਧਾਰਾ ਦਾ ਪਰਾਇਆਵਾਚੀ ਸ਼ਬਦ ਸੀ/ਹੈ। ਇਸ ਵਿਚਾਰਧਾਰਾ ਅਤੇ ਫਲਸਫੇ 'ਤੇ ਪਹਿਰਾ ਦੇਣ ਵਾਲੇ ਨੂੰ ਸਿੱਖ ਕਿਹਾ ਜਾਂਦਾ ਸੀ। ਫਿਰ ਸਿੱਖ ਸ਼ਬਦ ਸਿੱਖੀ (ਜੋ ਨੇਮਾਂ, ਵਿਚਾਰਾਂ, ਗਿਆਨ, ਸਿਧਾਂਤ ਅਤੇ ਅਮਲ) ਤੱਕ ਵਿਸਥਾਰ ਲੈਂਦਾ ਹੈ। ਪਰ ਅਫਸੋਸਜਨਕ ਪਹਿਲੂ ਇਹ ਰਿਹਾ ਕਿ ਅਸੀਂ ਸਿੱਖ, ਸਿੱਖ-ਧਰਮ ਅਤੇ ਸਿੱਖੀ ਨੂੰ ਕੱਟੜਵਾਦੀ ਬਣਾ ਕੇ ਇਹਨਾਂ ਮਾਨਵੀ-ਸ਼ਬਦਾਂ ਨੂੰ ਸੀਮਤ ਕਰ ਦਿੱਤਾ ਹੈ। ਇਤਿਹਾਸ ਗਵਾਹ ਹੈ, ਅਸੀਂ ਕੱਟੜਵਾਦ-ਕਠਮੁੱਲਾਵਾਦ ਕਾਰਨ ਉਹ ਨਤੀਜੇ ਭੁਗਤ ਰਹੇ ਹਾਂ, ਜਿਨ੍ਹਾਂ ਦੀ ਕਦੇ ਆਸ ਨਹੀਂ ਸੀ। ਇਹੀ ਕਾਰਨ ਹੈ ਕਿ ਸਮਕਾਲ ਵਿੱਚ ਕੋਈ ਗੁਰੂ ਦਾ ਸਿੱਖ ਰਿਹਾ ਹੀ ਨਹੀਂ, ਲੋਕ ਨਿੱਜਵਾਦੀ ਹੋ ਚੁੱਕੇ ਹਨ। ਪਿਆਰ-ਸਾਂਝ, ਮਿਲਵਰਤਣ-ਭਾਈਚਾਰਾ, ਸੇਵਾ, ਨਿਮਰਤਾ, ਸਬਰ, ਨਾਮ ਜੱਪਣ-ਵੰਡ ਛਕਣ ਅਤੇ ਕਿਰਤ ਕਰਨ ਵਰਗੇ ਮੁੱਲ ਪ੍ਰਤਿਮਾਨਾਂ ਨੂੰ ਕੋਈ ਨਹੀਂ ਮੰਨਦਾ। ਸਮਕਾਲ ਵਿੱਚ ਮਨੁੱਖ/ਸਿੱਖ ਦੀਵਾ ਲੈ ਕੇ ਵੀ ਲੱਭਣੇ ਮੁਸ਼ਕਲ ਕਾਰਜ ਹੈ। ਲੁੱਟ-ਮਾਰ, ਕਤਲ-ਡਾਕੇ, ਬਲਾਤਕਾਰ, ਸ਼ੋਸ਼ਣ ਦਾ ਕੋਈ ਅੰਤ ਨਹੀਂ ਰਿਹਾ। ਔਰਤ ਨੂੰ ਅਸੀਂ ਵਸਤੂ ਵਾਂਗ ਗਰਦਾਨਦੇ ਹਾਂ। ਗੁਰਬਾਣੀ ਨੂੰ ਮੰਨਣਾ, ਉਹਦਾ ਸਤਿਕਾਰ ਕਰਨਾ ਅੱਜ ਕੇਵਲ ਢੌਂਗ ਹੈ। ਅਸੀਂ ਕਹਿਣੀ-ਕਰਨੀ ਵਿੱਚ ਖਰੇ ਨਹੀਂ ਰਹੇ। ਅਸੀਂ ਭੁੱਖੇ ਦੀ ਭੁੱਖ ਨਹੀਂ ਮਿਟਾ ਸਕਦੇ, ਕਿਸੇ ਗਰੀਬ-ਗੁਰਬੇ, ਕਿਸੇ ਬਿਮਾਰ ਵਿਅਕਤੀ ਦੀ ਮਦਦ ਨਹੀਂ ਕਰ ਸਕਦੇ। ਅਸੀਂ ਮਨੁੱਖਤਾ ਦਾ, ਸਿੱਖੀ ਦਾ ਮੁਖੌਟਾ ਪਾਇਆ ਹੋਇਆ ਹੈ। ਜਿਨ੍ਹਾਂ ਦੀ ਸਿੱਖੀ ਸੀ (ਭਾਵ ਦਲਿਤ) ਉਹ ਵੀ ਸਿੱਖੀ ਤੋਂ ਦੂਰ ਜਾ ਰਹੇ ਹਨ। ਜਿਨ੍ਹਾਂ ਦੀ ਸਿੱਖੀ ਨਹੀਂ ਸੀ (ਭਾਵ ਜੱਟ) ਉਹਨਾ ਨੇ ਸਿੱਖੀ 'ਤੇ ਕਬਜ਼ਾ ਕਰ ਲਿਆ ਹੈ। ਸਿੱਖੀ 'ਤੇ ਹੀ ਨਹੀਂ, ਰਾਜਨੀਤੀ 'ਤੇ ਵੀ ਜੱਟਾਂ ਦਾ ਕਬਜ਼ਾ ਹੈ। ਅਸਿੱਧੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵੀ ਰਾਜਨੀਤੀ ਹੀ ਕਬਜ਼ਾ ਕਰੀ ਬੈਠੀ ਹੈ। ਇਸ ਨਾਵਲ 'ਬੇਅਦਬੀ' ਦੀ ਨਾਇਕਾ ਸਿਮਰਨ (ਸਿਮਰ ਉਰਫ ਸਿਮਰਜੀਤ) ਅਜਿਹੀ ਲੜਕੀ ਹੈ ਜੋ ਸਿੱਖੀ ਵਿੱਚ ਫੈਲੇ ਤੇ ਪੱਸਰ ਚੁੱਕੇ ਦੰਭਾਂ, ਪਾਖੰਡਾਂ ਅਤੇ ਦੋਗਲੇ ਚਿਹਰਿਆਂ ਦਾ ਪਰਦਾ ਚਾਕ ਕਰਦੀ ਹੈ। ਸਿਮਰਨ ਅਧਿਐਨ ਕਰਦੀ ਹੈ, ਗੁਰੂ ਸਾਹਿਬਾਨ ਜਾਤ-ਪਾਤ ਵਿੱਚ ਵਿਸ਼ਵਾਸ ਨਹੀਂ ਰੱਖਦੇ ਸਨ। ਗੁਰਬਾਣੀ ਜਾਤ-ਪਾਤ ਦਾ ਪੁਰਜ਼ੋਰ ਖੰਡਨ ਕਰਦੀ ਹੈ, ਪਰੰਤੂ ਸਿੱਖ ਸਮਾਜ 'ਚ ਜਾਤ-ਪਾਤ ਉਵੇਂ ਹੀ ਬਰਕਰਾਰ ਹੈ, ਜਿਵੇਂ ਮੱਧਯੁੱਗ ਵਿੱਚ ਸੀ। ਜੇ ਜਾਤਪਾਤ ਖਾਤਮੇ ਵੱਲ ਜਾ ਰਹੀ ਹੈ ਤਾਂ ਉਹ ਨਵੇਂ ਮੁੱਲਾਂ-ਪ੍ਰਤਿਮਾਨਾਂ ਅਤੇ ਕਾਨੂੰਨਾਂ ਕਾਰਨ ਖਤਮ ਹੋ ਰਹੀ ਹੈ, ਪਰ ਸਿੱਖੀ ਸਿਧਾਂਤਾਂ ਕਾਰਨ ਨਹੀਂ। ਗੁਰੂ ਅਤੇ ਗੁਰਬਾਣੀ ਦਾ ਪਾਖੰਡਾਂ, ਮੜ੍ਹੀ-ਮਸਾਣਾਂ, ਭੂਤਾਂ-ਪ੍ਰੇਤਾਂ, ਕਿਰਿਆ-ਕ੍ਰਮਾਂ ਅਤੇ ਕਰਮ-ਕਾਂਡਾਂ (ਬ੍ਰਾਹਮਣਵਾਦੀ ਕਦਰਾਂ-ਕੀਮਤਾਂ) ਵਿੱਚ ਬਿਲਕੁੱਲ ਵਿਸ਼ਵਾਸ ਨਹੀਂ ਸੀ। ਸਮਕਾਲੀ ਹਾਲਤ ਇਹ ਹੈ ਕਿ ਦਲਿਤਾਂ ਨਾਲ ਉਵੇਂ ਹੀ ਵਿਤਕਰੇਬਾਜ਼ੀ, ਧੱਕੇ-ਅਨਿਆਂ ਜਾਰੀ ਹਨ। ਗੁਰੂਆਂ ਨੇ ਦਲਿਤਾਂ ਨੂੰ ਸਿੱਖੀ ਵਿੱਚ ਵਿਸ਼ੇਸ਼ ਸਥਾਨ ਅਤੇ ਦਰਜਾ ਦਿੱਤਾ ਸੀ। ਦਲਿਤਾਂ ਦੇ ਅੱਜ ਵੀ ਗੁਰਦੁਆਰੇ ਅਤੇ ਸ਼ਮਸ਼ਾਨਘਾਟ ਅਲਹਿਦਾ ਹਨ। ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ (ਚਾਰ ਦਰ) ਰੱਖਣ ਦਾ ਅਰਥ ਸੀ ਚਾਰੇ ਵਰਨਾਂ ਅਤੇ ਚਾਰੇ ਦਿਸ਼ਾਵਾਂ ਦੇ ਲੋਕ ਹਰਿਮੰਦਰ ਸਾਹਿਬ ਆ ਸਕਦੇ ਹਨ। ਇਹ ਸਿਧਾਂਤ ਜਾਤਾਂ-ਪਾਤਾਂ ਅਤੇ ਧਰਮਾਂ ਦੀ ਸੱਤਾ ਦੀ ਥਾਂ ਮਨੁੱਖਤਾ 'ਚ ਵਿਸ਼ਵਾਸ ਨੂੰ ਦ੍ਰਿੜ੍ਹਾਉਂਦਾ ਹੈ, ਪਰ ਵਿਡੰਬਣਾਜਨਕ ਅਤੇ ਦੁੱਖਦ ਪਹਿਲੂ ਇਹ ਹੈ ਕਿ ਅਸੀਂ ਸਿੱਖ ਹਾਂ, ਸਿੱਖੀ ਵੀ ਧਾਰੀ ਹੋਈ ਹੈ, ਸਿਧਾਂਤ ਵੀ ਜਾਣਦੇ ਹਾਂ, ਪਰ ਅਮਲ ਨਹੀਂ ਕਰਦੇ। ਸੋ ਇਹ ਨਾਵਲ ਅਜਿਹੇ ਕਈ ਕਾਰਗਰ ਅਤੇ ਸਾਰਥਕ ਸੁਆਲ ਸਾਡੇ ਸਨਮੁੱਖ ਕਰਦਾ ਹੈ।

ਸਿਮਰਨ ਦੀ ਖੋਜ ਅਨੁਸਾਰ ਜੇ ਭਾਰਤ ਵਿੱਚ ਬ੍ਰਾਹਮਣਾਂ (ਬ੍ਰਾਹਮਣਵਾਦ) ਦਾ ਰਾਜ ਚੱਲਦਾ ਰਿਹਾ ਹੈ ਤਾਂ ਪੰਜਾਬ ਵਿੱਚ ਜ਼ਿਮੀਂਦਾਰਾਂ (ਜੱਟਵਾਦ) ਦਾ ਰਾਜ ਚੱਲ ਰਿਹਾ ਹੈ। ਸਿਮਰਨ ਨੂੰ ਸਿੱਖੀ ਕੁਲੀਨ ਵਰਗ 'ਚੋਂ ਨਹੀਂ ਸਗੋਂ ਕਿਰਤੀਆਂ 'ਚੋਂ ਪ੍ਰਤੱਖ ਨਜ਼ਰ ਆਉਂਦੀ ਹੈ। ਸਿਮਰਨ ਦਾ ਮੱਤ ਹੈ, 'ਮੈਨੂੰ ਤਾਂ ਸਿੱਖੀ ਗਰੀਬ ਸਿੱਖ ਵਿੱਚ ਨਜ਼ਰ ਆਉਂਦੀ ਹੈ। ਹਲ ਵਾਹੁੰਦੇ ਸਿੱਖ ਵਿੱਚ, ਸਿਰ 'ਤੇ ਟੋਕਰੀ ਰੱਖ ਕੇ ਮਜ਼ਦੂਰੀ ਕਰਦੇ ਸਿੱਖ ਵਿੱਚ, ਕਹੀ ਵਾਹੁੰਦੇ ਸਿੱਖ ਵਿੱਚ...ਹੋਰ ਦੱਸੋ ਸਿੱਖੀ ਕਿੱਥੇ ਹੈ ਪਾਪਾ ਜੀ, ਕਿੱਥੇ ਹਨ ਸਿੱਖ-ਦਲਿਤ ਸਿੱਖ। ਇਹਨਾਂ ਦੀਆਂ ਗਲਤੀਆਂ ਨੇ ਡੇਰਿਆਂ ਵੱਲ, ਬੁੱਤ ਪੂਜਾ ਵੱਲ, ਵਹਿਮਾਂ-ਭਰਮਾਂ ਵੱਲ ਤੋਰ ਦਿੱਤੇ। ਸਿੱਖ ਲੀਡਰ ਡੇਰਿਆਂ ਖਿਲਾਫ ਹੁਕਮਨਾਮੇ ਜਾਰੀ ਕਰਾਉਂਦੇ ਹਨ ਤੇ ਖੁਦ ਹੀ ਡੇਰੇਦਾਰਾਂ ਕੋਲ ਵੋਟਾਂ ਮੰਗਣ ਜਾਂਦੇ ਹਨ...ਸਿੱਖ ਲੀਡਰ ਪੱਥਰ ਪੂਜਦੇ ਹਨ, ਸਿੱਖ ਜਿਮੀਂਦਾਰਾਂ ਦੇ ਖੇਤਾਂ ਵਿੱਚ ਮਟੀਆਂ ਬਣੀਆਂ ਹਨ, ਵੱਖੋ-ਵੱਖ ਜਾਤਾਂ ਦੇ ਗੁਰਦੁਆਰੇ ਬਣੇ ਨੇ-ਕਈ ਪਿੰਡਾਂ ਵਿੱਚ ਅਜੇ ਵੀ ਛੋਟੀਆਂ ਜਾਤਾਂ ਨੂੰ ਲੰਗਰ ਵੱਖਰੀਆਂ ਲਾਈਨਾਂ ਵਿੱਚ ਛਕਾਇਆ ਜਾਂਦਾ ਹੈ...ਜੱਟ ਸਿੱਖ ਗੁਰੂ ਸਿਧਾਂਤ ਛੱਡ ਕੇ ਬਾਬਿਆਂ ਤੋਂ ਪੁੱਛਾਂ ਲੈਣ ਜਾਂਦੇ ਹਨ, ਸਿੱਖ ਲੀਡਰ ਮੰਦਰਾਂ ਵਿੱਚ ਜਾ ਕੇ ਤਿਲਕ ਲਗਾਉਂਦੇ ਹਨ, ਮੰਦਰਾਂ ਵਿੱਚ ਜਾਣਾ ਗਲਤ ਨਹੀਂ ਹੈ, ਪਰ ਸਿੱਖ ਸਿਧਾਂਤ ਤਿਆਗਣੇ ਗਲਤ ਹਨ, ਤਾਂ ਫਿਰ ਕੀ ਫਰਕ ਰਹਿ ਗਿਆ ਜਦੋਂ ਮਹੰਤਾਂ ਦਾ ਗੁਰਦੁਆਰਿਆਂ 'ਤੇ ਕਬਜ਼ਾ ਸੀ ਤੇ ਹੁਣ ਇਹਨਾਂ ਦਾ ਕਬਜ਼ਾ ਹੈ। ਬੱਸ ਚਿਹਰੇ ਹੀ ਬਦਲੇ ਹਨ, ਹੋਰ ਕੁਝ ਵੀ ਨਹੀਂ। ਇੱਥੇ ਬਲਾਤਕਾਰ ਕਰਨ ਵਾਲੇ ਵੀ ਕਈ ਸਿੱਖ ਲੀਡਰ...'ਓ ਮੇਰੇ ਮਾਲਕਾ ਦੱਸੋ ਪਾਪਾ ਕਿੱਥੇ ਹਨ ਸਿੱਖ ਸਿਧਾਂਤ'। ਸਿਮਰਨ ਆਪਣੇ ਪਾਪਾ ਜੋ ਰਹਿਤ ਮਰਯਾਦਾ ਵਿੱਚ ਪੂਰਾ ਸਿੱਖ ਹੈ, ਉਸ ਨਾਲ ਇਹ ਸੰਵਾਦ ਕਰਦਿਆਂ ਸਮਕਾਲੀ ਯਥਾਰਥ ਦਾ ਦ੍ਰਿਸ਼ ਸਾਡੇ ਸਨਮੁੱਖ ਕਰਦੀ ਹੈ। ਸਿਮਰਨ ਦੀਆਂ ਇਹ ਖੋਜ ਭਰਪੂਰ ਗੱਲਾਂ ਤੋਂ ਅਸੀਂ ਸਮਕਾਲੀ ਸਿੱਖੀ ਅਤੇ ਸਿੱਖਾਂ ਬਾਰੇ ਜਾਣਕਾਰੀ ਹਾਸਲ ਕਰ ਸਕਦੇ ਹਾਂ।

ਗੁਰਸ਼ਰਨ ਸਿੰਘ ਮੁੰਬਈ ਵਿੱਚ ਪੁਲਸ ਅਫਸਰ ਹੈ, ਪਰ ਉਹ ਅਤੇ ਉਸ ਦੀ ਪਤਨੀ ਸਿੱਖੀ ਸਿਧਾਂਤਾਂ ਅਤੇ ਮਰਯਾਦਾਵਾਂ ਨੂੰ ਮੰਨਦੇ ਹਨ ਅਤੇ ਉਵੇਂ ਜਿਊਣ ਦੀ ਕੋਸ਼ਿਸ਼ ਵੀ ਕਰਦੇ ਹਨ। ਭਾਵੇਂ ਉਹ ਇੱਕ ਵਿਸ਼ਵ ਦੇ ਮੰਨੇ-ਪ੍ਰਮੰਨੇ ਮਹਾਂਨਗਰ ਵਿੱਚ ਰਹਿੰਦੇ ਹਨ। ਉਹਨਾ ਦੇ ਦੋ ਬੱਚੇ ਹਨ, ਲੜਕੀ ਸਿਮਰਨ ਹੈ ਅਤੇ ਮੁੰਡਾ। ਦੋਨਾਂ ਬੱਚਿਆਂ 'ਤੇ ਸਿੱਖੀ ਸਿਧਾਂਤਾਂ ਦਾ ਕੋਈ ਅਸਰ/ਪ੍ਰਭਾਵ ਨਹੀਂ ਹੁੰਦਾ। ਉਸ ਸਮੇਂ ਉਹ ਦੋਨੋਂ ਮਹਾਂਨਗਰੀ ਜੀਵਨ ਤੋਂ ਪ੍ਰਭਾਵਤ ਹਨ। ਮਹਾਂਨਗਰ ਦੀਆਂ ਕੁਹਜਾਂ ਅਤੇ ਅਲਾਮਤਾਂ ਦੇ ਵੀ ਉਹ ਸ਼ਿਕਾਰ ਹੋ ਚੁੱਕੇ ਹਨ। ਇਹ ਕੁਦਰਤੀ ਵਰਤਾਰਾ ਹੈ। ਪੂੰਜੀਵਾਦੀ ਮੁੱਲਾਂ-ਪ੍ਰਤਿਮਾਨਾਂ ਦਾ ਪ੍ਰਭਾਵ ਨਵੀਂ ਪੀੜ੍ਹੀ ਉੱਪਰ ਪੈਣਾ ਹੀ ਪੈਣਾ ਹੈ। ਗੁਰਸ਼ਰਨ ਸਿੰਘ ਅਤੇ ਉਸ ਦੀ ਪਤਨੀ ਗੁਰਚੇਤਨ ਕੌਰ ਚਾਹੁੰਦੇ ਹਨ ਕਿ ਉਹਨਾ ਦਾ ਪੁੱਤਰ ਅਤੇ ਧੀ ਸਿੱਖ ਰਹਿਣ ਅਤੇ ਸਿੱਖੀ ਸਿਧਾਂਤਾਂ ਅਤੇ ਸਿੱਖੀ ਵਿਰਸੇ ਨੂੰ ਤਿਲਾਂਜਲੀ ਨਾ ਦੇਣ। ਉਹਨਾਂ ਦੇ ਪ੍ਰਜਤਨਾਂ ਨੂੰ ਕੋਈ ਫਲ ਨਹੀਂ ਪੈਂਦਾ, ਕੋਈ ਹੁੰਗਾਰਾ ਨਹੀਂ ਮਿਲਦਾ। ਲੜਕੇ ਦੀ ਆਪਣੀ ਸੁਸਾਇਟੀ ਹੈ, ਉਹ ਆਪਣੀ ਸੁਸਾਇਟੀ 'ਚ ਮਸਤ ਰਹਿੰਦਾ ਹੈ, ਲੜਕੀ ਸਿਮਰਨ ਦੀ ਆਪਣੀ ਸੁਸਾਇਟੀ ਹੈ। ਸਿਮਰਨ ਤਾਂ ਆਪਣੀਆਂ ਸਹੇਲੀਆਂ ਨਾਲ ਵਿਸਕੀ-ਵਾਈਨ ਦਾ ਸੇਵਨ ਵੀ ਕਰਨ ਤੋਂ ਗੁਰੇਜ਼ ਨਹੀਂ ਕਰਦੀ। ਉਹਨਾਂ ਲਈ ਉਹਨਾਂ ਦਾ ਆਪਣਾ ਸਰੀਰ ਇੱਕ ਵਸਤੂ (ਇਹ ਪੂੰਜੀਵਾਦੀ ਵਿਸ਼ਵੀਕਰਨ ਦਾ ਸਮਕਾਲੀ ਸੱਚ) ਵਾਂਗ ਹੁੰਦਾ ਹੈ। ਉਹ ਆਪਣੀਆਂ ਕੇਵਲ ਸਰੀਰਕ ਅਤੇ ਆਰਥਿਕ ਲੋੜਾਂ ਲਈ ਹੀ ਨਹੀਂ, ਸਗੋਂ ਅੱਯਾਸ਼ੀਆਂ ਲਈ ਵੀ ਆਪਣੇ ਸਰੀਰ (ਭਾਵ ਵਸਤੂ) ਨੂੰ ਵੇਚਣ ਤੋਂ ਹਿਚਕਿਚਾਹਟ ਜਾਂ ਸ਼ਰਮ-ਹਯਾ ਮਹਿਸੂਸ ਨਹੀਂ ਕਰਦੀਆਂ। ਉਹਨਾਂ ਲਈ ਸਮਾਜਿਕ ਮਰਯਾਦਾਵਾਂ ਨਿਰਾਰਥਕ ਹਨ। ਇਸ ਤਰ੍ਹਾਂ ਮਹਾਂਨਗਰੀ ਬਰਬਰ ਜੀਵਨ (ਕਿਉਂਕਿ ਇਹ ਪੂੰਜੀਵਾਦੀ ਵਿਸ਼ਵੀਕਰਨ ਦਾ ਚਿਹਨਕ ਹੈ) 'ਚ ਕੋਈ ਵਿਚਾਰਧਾਰਕ ਤੌਰ 'ਤੇ ਸੂਝਵਾਨ ਵਿਅਕਤੀ ਹੀ ਮਹਾਂਨਗਰੀ ਅਲਾਮਤਾਂ ਤੋਂ ਨਿਰਲੇਪ ਰਹਿ ਸਕਦਾ ਹੈ ਜਾਂ ਬਚ ਸਕਦਾ ਹੈ। ਸਿਮਰਨ ਤੇ ਉਸ ਦਾ ਭਰਾ ਜਾਂ ਸਿਮਰਨ ਦੀਆਂ ਸਹੇਲੀਆਂ (ਦੋਸਤ ਕੁੜੀਆਂ) ਤਾਂ ਆਮ ਲੋਕ ਹਨ। ਇਹ ਲੋਕ ਪੂੰਜੀਵਾਦੀ ਵਿਸ਼ਵੀਕਰਨ ਦੇ ਵਹਿਣ ਤੋਂ ਕਦਾਚਿਤ ਬਚ ਨਹੀਂ ਸਕਦੇ। ਇਸ ਪੱਖੋਂ ਇਹ ਨਾਵਲ ਗੌਰਤਲਬ ਹੈ। ਮੇਰੇ ਵਿਚਾਰ ਅਨੁਸਾਰ ਇਹ ਅਜਿਹਾ ਨਾਵਲ ਹੈ, ਜੋ ਪੂੰਜੀਵਾਦੀ ਵਿਸ਼ਵੀਕਰਨ (ਮਹਾਂਨਗਰੀ ਜੀਵਨ) ਦੇ ਯਥਾਰਥ ਨੂੰ ਸਾਡੇ ਸਨਮੁੱਖ ਹੀ ਨਹੀਂ ਰੱਖਦਾ, ਸਗੋਂ ਇਸ ਦੀਆਂ ਕੁਝ ਪਰਤਾਂ ਬਾਰੇ ਗਿਆਨ ਬੋਧ ਵੀ ਦਿੰਦਾ ਹੈ। ਨਾਵਲ 'ਚ ਇਸ ਵਰਤਾਰੇ ਨੂੰ ਨਾਵਲਕਾਰ ਨੇ ਪ੍ਰਥਮ ਅਧਿਆਇ 'ਚ ਪ੍ਰਸਤੁਤ ਕੀਤਾ ਹੈ। ਇਹ ਨਾਵਲ ਪੀੜ੍ਹੀ-ਪਾੜੇ ਦੇ ਵਿਚਾਰਧਾਰਕ ਪੱਖਾਂ, ਅੰਤਰਾਂ ਅਤੇ ਤਨਾਵਾਂ-ਟਕਰਾਵਾਂ, ਦਵੰਦਾਂ ਨੂੰ ਵੀ ਬਾਖੂਬੀ ਪ੍ਰਸਤੁਤ ਕਰਨ ਵਿੱਚ ਕਾਮਯਾਬ ਰਿਹਾ ਹੈ। ਇਸ ਤਰ੍ਹਾਂ ਜਿੱਥੇ ਸਾਨੂੰ ਸਮਾਜਿਕ ਪਰਿਵਰਤਨਾਂ, ਰੂਪਾਂਤਰਨਾਂ ਦਾ ਬੋਧ ਹੁੰਦਾ ਹੈ, ਉੱਥੇ ਨਾਵਲ ਦੀ ਰੋਚਿਕਤਾ ਵਿੱਚ ਵੀ ਵਾਧਾ ਹੁੰਦਾ ਹੈ।

ਇਹ ਨਾਵਲ ਇੱਕ ਹੋਰ ਸੁਆਲ ਪੱਖੋਂ ਵੀ ਮਹੱਤਵਸ਼ਾਲੀ ਹੈ। ਜਿਸ ਕਿਸਮ ਦਾ ਸਮਕਾਲੀ ਦੌਰ ਹੈ, ਵਿਕਾਸ ਹੈ (ਇਹ ਪੂੰਜੀਵਾਦੀ ਵਿਸ਼ਵੀਕਰਨ ਦਾ ਲਖਾਇਕ ਹੈ) ਕੀ ਇਸ ਵਿੱਚ ਧਰਮ ਬਚ ਸਕੇਗਾ। ਇਹ ਮੁਸ਼ਕਲ ਹੈ, ਧਰਮ ਤਾਂ ਮਹਿਜ਼ ਮੁਖੌਟਾ ਰਹਿ ਜਾਵੇਗਾ। ਜਿਵੇਂ ਨਾਵਲ ਦੱਸਦਾ ਹੈ। ਮਨੁੱਖ (ਭਾਵ ਨਵੀਂ ਪੀੜ੍ਹੀ : ਸਿਮਰਨ ਅਤੇ ਉਸ ਦੇ ਭਰਾ ਗੁਰਪ੍ਰੇਮ) ਤਾਂ ਨਵੀਨਤਮ ਮੁੱਲਾਂ-

10-Sep-Sunday.qxd 9/9/2023 9:48 PM Page 6

ਪੰਥ ਰਤਨ ਮਾਸਟਰ ਤਾਰਾ ਸਿੰਘ ਦੀਆਂ ਛੇ ਪੁਸਤਕਾਂ ਦਾ ਸੈਟ ਜੋ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ ਪ੍ਰਕਾਸ਼ਤ ਕਰਵਾਇਆ ਹੈ ਦਾ ਇੱਕ ਸੈਟ ਨਵਾਂ ਜ਼ਮਾਨਾ ਲਈ ਡਾ. ਲਖਵਿੰਦਰ ਸਿੰਘ ਜੌਹਲ ਅਤੇ ਡਾ. ਗੁਰਇਕਬਾਲ ਸਿੰਘ ਸੰਪਾਦਕ ਨੂੰ ਭੇਟ ਕਰਦੇ ਹੋਏ। ਨਾਲ ਖੜੇ ਹਨ ਪੰਜਾਬੀ ਸ਼ਾਇਰ ਸੁਰਿੰਦਰ ਸਿੰਘ ਸੁੰਨੜ।

ਪਿਛਲੇ ਦਿਨੀ 'ਨਵਾਂ ਜ਼ਮਾਨਾ' ਦੇ ਦਫ਼ਤਰ ਨਾਮਵਰ ਸ਼ਾਇਰ ਮਦਨ ਵੀਰਾ, ਅਮਰੀਕ ਡੋਗਰਾ, ਨਵਤੇਜ ਗੜਦੀਵਾਲਾ ਅਤੇ ਆਲੋਚਕ ਡਾ. ਜਸਵੰਤ ਰਾਏ ਆਏ ਅਤੇ ਐਤਵਾਰਤਾ ਲਈ ਮੁੱਲਵਾਨ ਵਿਚਾਰ ਵਟਾਂਦਰਾ ਹੋਇਆ।

ਮਿੰਨੀ ਕਹਾਣੀ ਲੇਖਕ ਮੰਚ ਵੱਲੋਂ ਸਾਲਾਨਾ ਪੁਰਸਕਾਰਾਂ ਦਾ ਐਲਾਨ

ਮਾਨਸਾ-ਮਿੰਨੀ ਕਹਾਣੀ ਲੇਖਕ ਮੰਚ (ਰਜਿ.) ਅਤੇ ਅਦਾਰਾ ਤ੍ਰੈਮਾਸਿਕ 'ਮਿੰਨੀ' ਵੱਲੋਂ ਸਾਲਾਨਾ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਮੰਚ ਦੇ ਪ੍ਰਧਾਨ ਡਾ. ਸ਼ਿਆਮ ਸੁੰਦਰ ਦੀਪਤੀ, ਜਨਰਲ ਸਕੱਤਰ ਜਗਦੀਸ਼ ਰਾਏ ਕੁਲਰੀਆਂ ਤੇ ਖਜ਼ਾਨਚੀ ਕੁਲਵਿੰਦਰ ਕੌਸ਼ਲ ਨੇ ਦੱਸਿਆ ਕਿ ਮੰਚ ਦੀ ਕਾਰਜਕਾਰਨੀ ਕਮੇਟੀ ਦੀ ਹੋਈ ਮੀਟਿੰਗ ਵਿਚ ਮਿੰਨੀ ਕਹਾਣੀ ਲੇਖਕਾਂ, ਆਲੋਚਕਾਂ ਅਤੇ ਸਹਿਯੋਗੀਆਂ ਲਈ ਸਾਲਾਨਾ ਪੁਰਸਕਾਰਾਂ ਦਾ ਫੈਸਲਾ ਕੀਤਾ ਗਿਆ ਹੈ, ਜਿਸ ਅਨੁਸਾਰ ਕਾਮਰੇਡ ਜਸਵੰਤ ਸਿੰਘ ਕਾਰ ਸ਼ਿੰਗਾਰ ਯਾਦਗਾਰੀ ਮਿੰਨੀ ਕਹਾਣੀ ਵਿਕਾਸ ਪੁਰਸਕਾਰ ਡਾ. ਹਰਜਿੰਦਰ ਸਿੰਘ ਅਟਵਾਲ, ਗੁਲਸ਼ਨ ਰਾਏ ਯਾਦਗਾਰੀ ਸਰਵੋਤਮ ਮਿੰਨੀ ਕਹਾਣੀ ਪੁਸਤਕ ਪੁਰਸਕਾਰ ਮਿੰਨੀ ਕਹਾਣੀ ਸੰਗ੍ਰਹਿ 'ਕੋਧਰੇ ਦੀ ਰੋਟੀ' ਲਈ ਤ੍ਰਿਪਤ ਭੱਟੀ, ਅਮਰਜੀਤ ਸਿੰਘ ਸਰੀਂਹ ਏ ਐੱਸ ਆਈ ਯਾਦਗਾਰੀ ਮਿੰਨੀ ਕਹਾਣੀ ਆਲੋਚਕ ਪੁਰਸਕਾਰ-ਡਾ. ਕੁਲਦੀਪ ਸਿੰਘ ਦੀਪ, ਮਾਤਾ ਮਹਾਂਦੇਵੀ ਕੌਸ਼ਿਕ ਯਾਦਗਾਰੀ ਲਘੂਕਥਾ ਪੁਰਸਕਾਰ-ਡਾ. ਕਮਲ ਚੋਪੜਾ, ਸ੍ਰੀ ਗੋਪਾਲ ਵਿੰਦਰ ਮਿੱਤਲ ਯਾਦਗਾਰੀ ਮਿੰਨੀ ਕਹਾਣੀ ਖੋਜ ਪੁਰਸਕਾਰ-ਡਾ. ਹਰਪ੍ਰੀਤ ਸਿੰਘ ਰਾਣਾ, ਸ੍ਰੀ ਰਾਜਿੰਦਰ ਕੁਮਾਰ ਨੀਟਾ ਯਾਦਗਾਰੀ ਮਿੰਨੀ ਕਹਾਣੀ ਯੁਵਾ ਲੇਖਕ ਪੁਰਸਕਾਰ-ਗੁਰਸੇਵਕ ਸਿੰਘ ਰੋੜਕੀ ਅਤੇ ਸ੍ਰ. ਗੁਰਬਚਨ ਸਿੰਘ ਕੋਹਲੀ ਯਾਦਗਾਰੀ ਮਿੰਨੀ ਕਹਾਣੀ ਸਹਿਯੋਗੀ ਪੁਰਸਕਾਰ-ਡਾ. ਨਵਪ੍ਰੀਤ ਸਿੰਘ ਹੰਸਪਾਲ ਨੂੰ ਦਿੱਤਾ ਜਾਵੇਗਾ। ਲਘੂਕਥਾ ਕਲਸ਼ ਪੱਤਰਿਕਾ ਦੇ ਸਹਿਯੋਗ ਨਾਲ ਦਿੱਤੇ ਜਾਂਦੇ ਪੁਰਸਕਾਰਾਂ ਬਾਰੇ ਪੱਤਰਿਕਾ ਦੇ ਸੰਪਾਦਕ ਯੋਗਰਾਜ ਪ੍ਰਭਾਕਰ ਨੇ ਦੱਸਿਆ ਕਿ ਸ੍ਰੀ ਰੌਸ਼ਨ ਫੂਲਵੀ ਯਾਦਗਾਰੀ ਮਿੰਨੀ ਕਹਾਣੀ ਲਾਈਫ਼ ਟਾਈਮ ਅਚੀਵਮੈਂਟ ਪੁਰਸਕਾਰ ਇਸ ਵਾਰ ਮਿੰਨੀ ਕਹਾਣੀ ਦੇ ਖੇਤਰ ਵਿਚ ਉਮਰ ਭਰ ਦੇ ਸਮੁੱਚੇ ਯੋਗਦਾਨ ਨੂੰ ਦੇਖਦੇ ਹੋਏ ਹਰਭਜਨ ਸਿੰਘ ਖੇਮਕਰਨੀ ਨੂੰ ਦਿੱਤਾ ਜਾਵੇਗਾ। ਇਸੇ ਤਰ੍ਹਾਂ ਰਵੀ ਪ੍ਰਭਾਕਰ ਲਘੂਕਥਾ ਸਮਾਰਕ ਪੁਰਸਕਾਰ-ਡਾ. ਸ਼ੀਲ ਕੌਸ਼ਿਕ (ਹਰਿਆਣਾ) ਅਤੇ ਸ੍ਰੀਮਤੀ ਊਸ਼ਾ ਪ੍ਰਭਾਕਰ ਯਾਦਗਾਰੀ ਲਘੂਕਥਾ ਪੁਰਸਕਾਰ-ਸ੍ਰੀਮਤੀ ਸਨੇਹ ਗੋਸਵਾਮੀ ਨੂੰ ਪ੍ਰਦਾਨ ਕੀਤੇ ਜਾਣਗੇ। ਮੰਚ ਵੱਲੋਂ ਇਹ ਪੁਰਸਕਾਰ ਮਿਤੀ 07-08 ਅਕਤੂਬਰ ਨੂੰ ਭਗਤ ਪੂਰਨ ਸਿੰਘ ਪਿੰਗਲਵਾੜਾ ਅੰਮ੍ਰਿਤਸਰ ਵਿਖੇ ਕਰਵਾਏ ਜਾ ਰਹੇ 29ਵੇਂ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ ਦੌਰਾਨ ਪ੍ਰਦਾਨ ਕੀਤੇ ਜਾਣਗੇ।

—ਜਗਦੀਸ਼ ਕੁਲਰੀਆਂ

ਸਮਕਾਲ

ਪੰਜਾਬੀ ਲੇਖਕ : ਮੈਂਬਰਸ਼ਿਪ ਸੂਚੀ 2023-2026



ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਆਪਣੇ ਗਠਨ ਤੋਂ (1956) ਤੋਂ ਲੈ ਕੇ ਅੱਜ ਤੱਕ ਤਰੱਕੀ ਪਸੰਦ ਸਾਹਿਤਕਾਰਾਂ/ਪਾਠਕਾਂ/ਵਿਚਾਰਵਾਨਾਂ ਦਾ ਸਾਂਝਾ ਮੰਚ ਬਣੀ ਆ ਰਹੀ ਹੈ। ਪਹਿਲਾਂ ਇਸ ਦੀਆਂ ਚੋਣਾਂ ਇੱਕ ਸਾਲ ਹੁੰਦੀਆਂ ਸੀ, ਫਿਰ ਦੋ ਸਾਲ ਬਾਅਦ ਅਤੇ ਹੁਣ 2016 ਤੋਂ ਇਸ ਦੀਆਂ ਚੋਣਾਂ ਤਿੰਨ ਸਾਲ ਬਾਅਦ ਹੁੰਦੀਆਂ ਹਨ। ਕੋਰੋਨਾ ਕਾਲ ਕਰਕੇ ਜਾਂ ਕੁਝ ਹੋਰ ਕਾਰਨਾਂ ਕਰਕੇ ਇਸ ਦੀ ਚੋਣ ਥੋੜ੍ਹਾ ਪੱਛੜ ਕੇ ਹੋ ਰਹੀ ਹੈ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਅਜਿਹਾ ਸੰਗਠਨ ਹੈ, ਜਿਸ ਵਿੱਚ ਬਹੁਤ ਹੀ ਪਾਰਦਰਸ਼ੀ ਢੰਗ ਨਾਲ ਲੋਕਰਾਜੀ ਰਵਾਇਤਾਂ ਨੂੰ ਕਾਇਮ ਰੱਖਿਆ ਜਾਂਦਾ ਰਿਹਾ ਹੈ। ਇਸ ਦੀ ਚੋਣ ਇਸ ਸਭਾ ਦੇ ਜੀਵਨ ਮੈਂਬਰ ਅਤੇ ਸੰਬੰਧਤ ਸਭਾਵਾਂ ਦੇ ਰਾਹੀਂ ਬਣੇ ਮੈਂਬਰ ਕਰਦੇ ਹਨ। ਇਸ ਚੋਣ, ਜੋ ਕਿ 17 ਸਤੰਬਰ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਹੋ ਰਹੀ ਹੈ, ਲਈ ਮੈਂਬਰਾਂ ਦੀ ਸੂਚੀ ਇਸ ਕਿਤਾਬਚੇ ਵਿੱਚ ਦਰਜ ਕੀਤੀ ਗਈ ਹੈ। ਨਾਲ ਹੀ ਇਸ ਸਭਾ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਵੱਲੋਂ ਸੰਪਾਦਕੀ ਵਿੱਚ ਪਿਛਲੇ ਕਾਰਜਕਾਲ ਵਿੱਚ ਕੀਤੇ ਕੰਮਾਂ ਦਾ ਵੇਰਵਾ ਵੀ ਦਰਜ ਕੀਤਾ ਹੈ ਅਤੇ ਕੁਝ ਅਜਿਹੇ ਕੰਮਾਂ ਦਾ ਵੀ, ਜੋ ਕੇਂਦਰੀ ਲੇਖਕ ਸਭਾ ਦੀ ਅਗਲੀ ਟੀਮ ਕਰ ਸਕਦੀ ਹੈ। ਚੋਣ ਅਧਿਕਾਰੀ ਪ੍ਰੋ. ਮਨਜੀਤ ਸਿੰਘ ਛਾਬੜਾ ਵੱਲੋਂ ਚੋਣ ਲਈ ਦਿਸ਼ਾ-ਨਿਰਦੇਸ਼ ਵੀ ਇਸ ਅੰਕ ਦਾ ਹਿੱਸਾ ਹਨ, ਜਿਸ ਅਨੁਸਾਰ ਕੇਂਦਰੀ ਸਭਾ ਦੇ ਅਹੁਦੇਦਾਰਾਂ ਦੀ ਚੋਣ ਲੜਨ ਦੇ ਚਾਹਵਾਨ ਆਪਣਾ ਨਾਮਜ਼ਦਗੀ ਪੱਤਰ 1 ਸਤੰਬਰ 2023 ਤੋਂ 8 ਸਤੰਬਰ 2023 ਤੱਕ ਚੋਣ ਅਧਿਕਾਰੀ ਕੋਲ ਜਮ੍ਹਾਂ ਕਰਵਾ ਸਕਦੇ ਹਨ। ਇਹਨਾਂ ਦੀ ਪੜਤਾਲ 9 ਸਤੰਬਰ 2023 ਨੂੰ ਹੋਵੇਗੀ ਅਤੇ 10 ਸਤੰਬਰ 2023 ਬਾਅਦ ਦੁਪਹਿਰ 4.00 ਵਜੇ ਤੱਕ ਚੋਣ ਨਾ ਲੜਨ ਦੇ ਚਾਹਵਾਨ ਆਪਣਾ ਨਾਂਅ ਵਾਪਸ ਲੈ ਸਕਦੇ ਹਨ। ਚੋਣ ਅਮਲ ਦੀਆਂ ਹੋਰ ਸ਼ਰਤਾਂ ਵੀ ਨਾਲ ਹੀ ਦਰਜ ਕੀਤੀਆਂ ਗਈਆਂ ਹਨ। ਕੇਂਦਰੀ ਸਭਾ ਦਾ ਸੰਵਿਧਾਨ ਵੀ ਇਸ ਅੰਕ ਵਿੱਚ ਦਰਜ ਕੀਤਾ ਗਿਆ ਹੈ, ਜਿਸ ਵਿੱਚ ਇਸ ਜਥੇਬੰਦੀ ਦੀ ਰੂਪ-ਰੇਖਾ ਵਿਧਾ, ਅਹੁਦੇਦਾਰ, ਜਨਰਲ ਅਜਲਾਸ, ਕੰਮ-ਕਾਜ ਆਦਿ ਬਾਰੇ ਪੂਰਾ ਵੇਰਵਾ ਦਰਜ ਹੈ। ਜੀਵਨ ਮੈਂਬਰਾਂ ਦੀ ਗਿਣਤੀ 1906 ਹੈ ਜਿਸ ਵਿੱਚ ਪੰਜਾਬ, ਭਾਰਤ ਦੇ ਹੋਰ ਸੂਬਿਆਂ ਅਤੇ ਵਿਦੇਸ਼ੀਂ ਬੈਠੇ ਪੰਜਾਬੀ ਲੇਖਕ ਸ਼ਾਮਲ ਹਨ। ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਸੰਬੰਧਤ ਦੂਜੀਆਂ ਸਭਾਵਾਂ ਦੇ ਮੈਂਬਰਾਂ ਦੀ ਗਿਣਤੀ ਪੰਜਾਬ ਵਿੱਚ 1082 ਹੈ, ਹਰਿਆਣਾ ਵਿੱਚ 6, ਕਲਕੱਤਾ ਵਿੱਚ 10, ਬਰਤਾਨੀਆ ਵਿੱਚ 15 ਅਤੇ ਪਾਕਿਸਤਾਨ (ਲਾਹੌਰ) ਵਿੱਚ 20 ਹੈ। ਇਹ ਸਾਰੀ ਜੀਵਨ ਮੈਂਬਰ ਅਤੇ ਸੰਬੰਧਤ ਸਭਾਵਾਂ ਰਾਹੀਂ ਬਣੇ ਮੈਂਬਰ ਜਿਨ੍ਹਾਂ ਦੀ ਗਿਣਤੀ ਤਕਰੀਬਨ 3039 ਬਣਦੀ ਹੈ। ਇਹ ਸਾਰੇ 17 ਸਤੰਬਰ 2023 ਦਿਨ ਐਤਵਾਰ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਆਉਣ ਵਾਲੇ ਤਿੰਨ ਸਾਲਾਂ ਲਈ ਨਵੀਂ ਟੀਮ ਦਾ ਗਠਨ ਕਰਨ ਲਈ ਆਪੋ-ਆਪਣੀ ਵੋਟ ਪਾਉਣ ਦੇ ਹੱਕ ਦੀ ਵਰਤੋਂ ਕਰਕੇ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ, ਮੀਤ ਪ੍ਰਧਾਨ (4), ਸਕੱਤਰ (3) ਦੀ ਚੋਣ ਕਰਨਗੇ। ਸਭਾ ਦੇ ਸੰਵਿਧਾਨ ਅਨੁਸਾਰ ਇੱਕ ਮੀਤ ਪ੍ਰਧਾਨ ਅਤੇ ਇੱਕ ਸਕੱਤਰ ਦੀ ਥਾਂ ਔਰਤ ਲੇਖਕਾਂ ਲਈ ਰਾਖਵੀਂ ਹੋਵੇਗੀ। ਜੇ ਚੋਣ ਵਿੱਚ ਕੋਈ ਔਰਤ ਲੇਖਕ ਨਾ ਹੋਵੇ ਤਾਂ ਉਸ ਦੀ ਨਾਮਜ਼ਦਗੀ ਬਾਅਦ ਵਿੱਚ ਕੇਂਦਰੀ ਕਾਰਜਕਾਰਨੀ ਵੱਲੋਂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੀ ਨਵੀਂ ਚੁਣੀ ਹੋਈ ਟੀਮ ਨਾਮਜ਼ਦਗੀ ਰਾਹੀਂ ਜ਼ਿਕਰਯੋਗ ਲੇਖਕਾਂ ਨੂੰ ਕਾਰਜਕਾਰਨੀ ਵਿੱਚ ਸ਼ਾਮਲ ਕਰੇਗੀ ਅਤੇ ਸਾਰਿਆਂ ਦੀ ਗਿਣਤੀ 43 ਹੋ ਜਾਵੇਗੀ। ਸੋ ਪੰਜਾਬੀ ਲੇਖਕ ਦਾ ਇਹ ਅੰਕ ਕੇਂਦਰੀ ਸਭਾ ਦੀ ਨਵੀਂ ਟੀਮ ਗਠਨ ਕਰਨ ਵੱਲ ਇੱਕ ਸਾਰਥਿਕ ਕਦਮ ਬਣੇਗਾ।

ਪੰਨੇ : 264, ਮੁੱਖ ਸੰਪਾਦਕ : ਡਾ. ਸੁਖਦੇਵ ਸਿੰਘ ਸਿਰਸਾ, ਸੰਪਰਕ : ਕੋਠੀ ਨੰ: 999, ਸੈਕਟਰ 69, ਮੁਹਾਲੀ-160069 (ਮੋ:) 98156-36565

- ਹਰਜਿੰਦਰ ਅਟਵਾਲ (ਡਾ.)

'ਹੁਣ' ਦਾ 47ਵਾਂ ਅੰਕ ਲੋਕ ਅਰਪਿਤ

ਅੰਮ੍ਰਿਤਸਰ-ਜਨਵਾਦੀ ਲੇਖਕ ਸੰਘ ਅਤੇ ਆਤਮ ਪਬਲਿਕ ਸਕੂਲ ਇਸਲਾਮਾਬਾਦ ਵੱਲੋਂ ਪੰਜਾਬੀ ਦੇ ਬਹੁ-ਮਿਆਰੀ ਸਾਹਿਤਕ ਰਸਾਲੇ 'ਹੁਣ' ਦਾ 47ਵਾਂ ਅੰਕ ਲੋਕ ਅਰਪਿਤ ਕੀਤਾ ਗਿਆ। ਪ੍ਰਿੰ. ਅੰਕਿਤਾ ਸਹਿਦੇਵ ਦੇ ਸਵਾਗਤੀ ਸ਼ਬਦਾਂ ਨਾਲ ਸ਼ੁਰੂ ਹੋਏ ਇਸ ਅਦਬੀ ਸਮਾਗਮ ਦਾ ਆਗਾਜ਼ ਕਰਦਿਆਂ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ 'ਹੁਣ' ਨੂੰ ਕੇਂਦਰ ਬਿੰਦੂ ਵਿਚ ਰੱਖ ਕੇ ਕਿਹਾ ਕਿ ਉੱਤਮ ਦਰਜੇ ਦਾ ਲੋਕ ਸਾਹਿਤ ਅਤੇ ਸੁਹਿਰਦ ਪਾਠਕਾਂ ਨੂੰ ਇਕ ਤੰਦ ਵਿਚ ਪਰੋਣ ਲਈ ਸਾਹਿਤਕ ਰਸਾਲੇ ਸਭ ਤੋਂ ਉੱਤਮ ਜ਼ਰੀਆ ਹਨ, ਜਿਹੜੇ ਨਵੇਂ ਲੇਖਕਾਂ ਦੀ ਸਥਾਪਤੀ ਵਿਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਇਤਿਹਾਸਕ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਉਚੇਚੇ ਤੌਰ 'ਤੇ ਆਏ ਡਾ. ਹੀਰਾ ਸਿੰਘ ਨੇ ਕਿਹਾ ਕਿ ਜਿੱਥੇ 'ਹੁਣ' ਵਰਗੇ ਮਿਆਰੀ ਰਸਾਲੇ ਦੁਨੀਆ ਭਰ ਦੇ ਇਤਿਹਾਸ ਅਤੇ ਸੱਭਿਆਚਾਰ ਨੂੰ ਨੇੜੇ ਲੈ ਕੇ ਆਉਂਦੇ ਹਨ, ਉਥੇ ਦੁਨੀਆ ਭਰ ਵਿੱਚ ਰਚੇ ਜਾ ਰਹੇ ਸਾਹਿਤ ਨੂੰ ਘੋਖਣ, ਪੜਤਾਲਣ ਅਤੇ ਨਵੀਆਂ ਦਿਸ਼ਾਵਾਂ ਨਿਰਧਾਰਤ ਕਰਨ ਵਿਚ ਸਹਾਈ ਹੁੰਦੇ ਹਨ।

ਨਾਵਲਕਾਰ ਵਜ਼ੀਰ ਸਿੰਘ ਰੰਧਾਵਾ ਨੇ ਕਿਹਾ ਕਿ ਮਿਆਰੀ ਸਾਹਿਤ ਨੂੰ ਲੋਕ ਉਡੀਕਦੇ ਵੀ ਨੇ ਅਤੇ ਮੁੱਲ ਖਰੀਦ ਕੇ ਪੜ੍ਹਨ ਦੀ ਚੇਟਕ ਵੀ ਰੱਖਦੇ ਹਨ। ਸਕੂਲ ਦੇ ਪ੍ਰਿੰ. ਅੰਕਿਤਾ ਸਹਿਦੇਵ ਨੇ ਕਿਹਾ ਕਿ ਅਜਿਹੇ ਮੈਗਜ਼ੀਨ ਮਨੁੱਖ ਨੂੰ ਕਵਿਤਾ, ਕਹਾਣੀ ਅਤੇ ਸਾਹਿਤ ਦੀਆਂ ਹੋਰ ਵਿਧਾਵਾਂ ਦੇ ਨਾਲ-ਨਾਲ ਬਹੁ-ਮੁੱਲੀਆਂ ਇਨਸਾਨੀ ਕਦਰਾਂ-ਕੀਮਤਾਂ ਨਾਲ ਵੀ ਜੋੜਦੇ ਹਨ।

ਮੋਹਿਤ ਸਹਿਦੇਵ ਅਤੇ ਕੋਮਲ ਸਹਿਦੇਵ ਨੇ ਧੰਨਵਾਦ ਕਰਦਿਆਂ "ਹੁਣ" ਆਮਦ ਦੀ ਸਭ ਨੂੰ ਵਧਾਈ ਦਿੱਤੀ। ਹੋਰਨਾਂ ਤੋਂ ਇਲਾਵਾ ਇਸ ਸਮੇਂ ਸੁਭਾਸ਼ ਪਰਿੰਦਾ, ਨਵਦੀਪ ਕੁਮਾਰ, ਪਰਮਜੀਤ ਕੌਰ, ਪੂਨਮ ਸ਼ਰਮਾ, ਤ੍ਰਿਪਤਾ ਮੈਮ, ਬਲਜਿੰਦਰ ਕੌਰ, ਮੀਨਾਕਸ਼ੀ, ਸ਼ਮੀ ਅਤੇ ਗੀਤਾ ਭਗਤ ਆਦਿ ਹਾਜ਼ਰ ਸਨ।

ਬਾਬਾ ਬਕਾਲਾ ਸਾਹਿਬ-ਪੰਜਾਬੀ ਭਵਨ ਲੁਧਿਆਣਾ ਵਿਖੇ ਸੁਸ਼ੀਲ ਦੁਸਾਂਝ ਅਤੇ ਕਮਲ ਦੁਸਾਂਝ ਦੁਆਰਾ ਸੰਪਾਦਿਤ ਕੀਤੇ ਜਾਂਦੇ ਪੰਜਾਬੀ ਦੇ ਬਹੁ-ਮਿਆਰੀ ਸਾਹਿਤਕ ਰਸਾਲੇ 'ਹੁਣ' ਦਾ 47ਵਾਂ ਅੰਕ ਲੋਕ ਅਰਪਿਤ ਕੀਤਾ ਗਿਆ। ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਹੋਰਾਂ ਨੇ ਕਿਹਾ ਕਿ ਜਿੱਥੇ 'ਹੁਣ' ਵਰਗੇ ਮਿਆਰੀ ਰਸਾਲੇ ਦੁਨੀਆ ਭਰ ਦੇ ਇਤਿਹਾਸ ਅਤੇ ਸੱਭਿਆਚਾਰ ਨੂੰ ਨੇੜੇ ਲੈ ਕੇ ਆਉਂਦੇ ਹਨ, ਉੱਥੇ ਦੁਨੀਆ ਭਰ ਵਿੱਚ ਰਚੇ ਜਾ ਰਹੇ ਸਾਹਿਤ ਨੂੰ ਘੋਖਣ, ਪੜਤਾਲਣ ਅਤੇ ਨਵੀਆਂ ਦਿਸ਼ਾਵਾਂ ਨਿਰਧਾਰਤ ਕਰਨ ਵਿਚ ਸਹਾਈ ਹੁੰਦੇ ਹਨ। ਕਥਾਕਾਰ ਦੀਪ ਦੇਵਿੰਦਰ ਸਿੰਘ ਨੇ 'ਹੁਣ' ਨੂੰ ਕੇਂਦਰ ਬਿੰਦੂ ਵਿਚ ਰੱਖ ਕੇ ਕਿਹਾ ਕਿ ਉੱਤਮ ਦਰਜੇ ਦਾ ਲੋਕ ਸਾਹਿਤ ਅਤੇ ਸੁਹਿਰਦ ਪਾਠਕਾਂ ਨੂੰ ਇਕ ਤੰਦ ਵਿਚ ਪਰੋਣ ਲਈ ਸਾਹਿਤਕ ਰਸਾਲੇ ਸਭ ਤੋਂ ਉੱਤਮ ਜ਼ਰੀਆ ਹਨ, ਜਿਹੜੇ ਨਵੇਂ ਲੇਖਕਾਂ ਦੀ ਸਥਾਪਤੀ ਵਿਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸੇਲਿੰਦਰਜੀਤ ਸਿੰਘ ਰਾਜਨ ਨੇ ਕਿਹਾ ਕਿ 'ਹੁਣ' ਵਰਗੇ ਮਿਆਰੀ ਸਾਹਿਤ ਨੂੰ ਲੋਕ ਉਡੀਕਦੇ ਵੀ ਨੇ ਅਤੇ ਮੁੱਲ ਖਰੀਦ ਕੇ ਪੜ੍ਹਨ ਦੀ ਚੇਟਕ ਵੀ ਰੱਖਦੇ ਹਨ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ: ਗੁਰਇਕਬਾਲ ਸਿੰਘ, ਕਹਾਣੀਕਾਰ ਅਸ਼ਵਨੀ ਬਾਗੜੀਆਂ ਅਤੇ ਸ਼ਾਇਰ ਬਲਵਿੰਦਰ ਸਿੰਘ ਸੰਧੂ ਨੇ ਕਿਹਾ ਕਿ ਅਜਿਹੇ ਮੈਗਜ਼ੀਨ ਮਨੁੱਖ ਨੂੰ ਕਵਿਤਾ, ਕਹਾਣੀ ਅਤੇ ਸਾਹਿਤ ਦੀਆਂ ਹੋਰ ਵਿਧਾਵਾਂ ਦੇ ਨਾਲ-ਨਾਲ ਬਹੁ-ਮੁੱਲੀਆਂ ਇਨਸਾਨੀ ਕਦਰਾਂ-ਕੀਮਤਾਂ ਨਾਲ ਵੀ ਜੋੜਦੇ ਹਨ। ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਤੋਂ ਪੁੱਜੇ ਮੱਖਣ ਸਿੰਘ ਭੈਣੀਵਾਲਾ, ਮਾ: ਮਨਜੀਤ ਸਿੰਘ ਵੱਸੀ, ਅਮਨਪ੍ਰੀਤ ਸਿੰਘ, ਸੁਰਿੰਦਰਜੀਤ ਚੌਹਾਨ, ਗੁਰਮੀਤ ਸਿੰਘ ਬਾਜਵਾ, ਮੈਡਮ ਸੁਰਿੰਦਰਬੀਰ ਕੌਰ ਨੇ ਵੀ "ਹੁਣ" ਆਮਦ ਦੀ ਸੁਸ਼ੀਲ ਦੁਸਾਂਝ ਹੋਰਾਂ ਨੂੰ ਵਧਾਈ ਦਿੱਤੀ। 'ਹੁਣ' ਦੇ ਸੰਪਾਦਕ ਸੁਸ਼ੀਲ ਦੁਸਾਂਝ ਹੁਰਾਂ ਨੇ ਸਭ ਦਾ ਸਹਿਯੋਗ ਲਈ ਹਾਰਦਿਕ ਧੰਨਵਾਦ ਕੀਤਾ।

'ਔਹ ਹੈ ਮੰਜ਼ਿਲ' ਬਾਰੇ ਚਰਚਾ ਅੱਜ

ਪਟਿਆਲਾ-ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ 10 ਸਤੰਬਰ, 2023 ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਭਾਸ਼ਾ ਵਿਭਾਗ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਸਾਹਿਤਕ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਾਇਕ ਰਜਿਸਟਰਾਰ ਜਸਵੰਤ ਸਿੰਘ ਜਨਾਗਲ ਰਚਿਤ ਸਵੈ-ਜੀਵਨੀ 'ਔਹ ਹੈ ਮੰਜ਼ਿਲ੍ਹ ਦਾ ਲੋਕ ਅਰਪਣ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦੇ ਹੋਏ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਦੱਸਿਆ ਕਿ ਇਸ ਸਮਾਗਮ ਦੇ ਮੁੱਖ ਮਹਿਮਾਨ ਭਾਸ਼ਾ ਵਿਭਾਗ, ਪੰਜਾਬ ਦੇ ਸਾਬਕਾ ਡਾਇਰੈਕਟਰ ਗੁਰਸ਼ਰਨ ਕੌਰ ਹੋਣਗੇ, ਜਦੋਂ ਕਿ ਪ੍ਰਧਾਨਗੀ ਸਾਹਿਤ ਅਕਾਦਮੀ ਐਵਾਰਡੀ ਪ੍

10-Sep-Sunday.qxd 9/9/2023 9:48 PM Page 3

ਸਵੈਕਥਨ : *.ਤੇ ਹੁਣ ਤੱਕ ਮੈਨੂੰ, ਕਵਿਤਾ ਨੂੰ ਜਿਉਣ ਦੇ ਅਰਥਾਂ ਨੇ ਹੀ ...ਸੰਭਾਲ ਰੱਖਿਆ ਹੈ...ਜੇ ਮੇਰੇ ਵਜੂਦ ਵਿੱਚੋਂ ਸ਼ਬਦ ਦੀ ਸੁਰਤ... ਸਰਗਮ ਦੀ ਧੜਕਣ...ਤੁਰਨ ਦੀ ਤਾਲ...ਮਨਫੀ ਹੋ ਜਾਵੇ ਤਾਂ ਮੈਂ ਪਾਗਲ ਹੋ ਜਾਵਾਂਗਾ...ਜਾਂ ਆਨੰਤ ਸਫਰ 'ਚ ਹੋ ਜਾਵਾਂਗਾ ਫਨਾ... ਸਫਰ ਜਾਰੀ ਹੈ...ਕਵਿਤਾ ਦਾ ਸਾਥ ਹੈ...ਸਰਗਮ ਤੇ ਗੀਤਾਂ ਦੀ ਗੋਦ ਜ਼ਿੰਦਾ ਹੈ...ਤਾਂਹੀ ਤਾਂ...ਸਾਹਾਂ ਦੀ ਸਪਤਕ ਅੰਗਸੰਗ ਹੈ...ਸਿਰਜਣਾ ਦੇ ਲੋਅ ਕਣ ਚੇਤਨਾ 'ਚ ਧੜਕਦੇ ਹਨ ... ...ਕਵਿਤਾ ਮੇਰੇ ਲਈ...ਉਹ ਸ਼ਬਦ ਹੈ ਜਾਗਦਾ...ਜੋ ਕਦੇ ਸੋਚ ਦੀ ਕਰਮ ਭੂਮੀ ਉੱਤੇ, ਸੱਚ ਲਈ ਸ਼ਹਾਦਤ ਬਣਦਾ ...ਮਨ ਦੀ ਕੈਨਵਸ ਉੱਤੇ ਖਿੱਲਰੇ ਅਨੰਤ ਰੰਗਾਂ ਦਾ ਕੋਲਾਜ਼ ਹੈ...ਸਾਜ਼ਿਸ਼ੀ ਹਨੇਰੇ ਅੰਦਰ ...ਸੂਰਜ ਦੀ ਸੰਵੇਦਨਾ ਦਾ ਚਾਨਣ ...ਫ਼ਿਤਰਤ ਦੀ ਲੁੱਚੀ ਸ਼ਕਲ ਸਾਹਮਣੇ, ਸ਼ੀਸ਼ਾ ਬਣੇ ਕਵਿਤਾ ...ਕਵਿਤਾ ਮੇਰੇ ਲਈ ਆਖਰੀ ਸਾਹਾਂ ਤੱਕ ਪੁੱਗਦੀ ਸ਼ਬਦ ਦੀ ਸੱਚੀ ਸਹੁੰ ...ਵਿਹਲੇ ਵੇਲੇ ਲਈ ਉਬਾਸੀ ਹਰਗਿਜ਼ ਨਹੀਂ...ਆਪਣੀ ਜੜ੍ਹ ਆਪਣੀ ਮਿੱਟੀ ਦੀ ਤਲਾਸ਼ ਹੈ ...ਸਵੈ ਤੋਂ ਪਰ੍ਹਾਂ ਖੁੱਲ੍ਹਦੀ ਖਿਆਲਾਂ ਦੀ ਖਿੜਕੀ ਹੈ...ਕਵਿਤਾ ਮੇਰੇ ਲਈ ਧਰਤੀ ਦੀ ਜਿਉਂਦੀ ਕਥਾ ਹੈ...ਜਿਸ ਦਾ ਪਹਿਲਾ ਤੇ ਅੰਤਲਾ ਵਾਕ ਵੀ ਕਵਿਤਾ ਹੈ ... ਕਵਿਤਾ... ਮੇਰੇ ਦੁਆਲੇ ਮਹਿਕ ਦੀ ਪਰਤ... ਕਵਿਤਾ ਮੈਨੂੰ ਭਰ ਕੇ ਰੱਖਦੀ... ਮੈਂ ਅੱਧਾ-ਅਧੂਰਾ ਵੀ ਸੰਪੂਰਨ ਹੁੰਦਾ ਹਾਂ ...ਆਪਣੇ ਆਪ ਅੰਦਰ ...*

ਅਵਤਾਰਜੀਤ ਦੀਆਂ ਨਵੀਂਆਂ ਕਵਿਤਾਵਾਂ

(1)

ਉਹ ਆਦਿ ਪੱਥਰ ਯੁੱਗ ਤੋਂ
ਜੰਗਲ-ਵਾਸ ਹੁੰਦਾ
ਵਾਸਨਾ ਨੂੰ ਲਤਾੜਦਾ

ਜਾਨਵਰ ਤੋਂ ਆਪਣੇ ਆਪ ਨੂੰ
ਅਲੱਗ ਕਰਦਾ
ਸਿਆਣਪਾਂ ਦਾ ਸਮੂਹ
ਤਕਨੀਕ ਦੇ ਸਿਖਰ 'ਤੇ ਪਹੁੰਚ ਗਿਆ

ਕੁਦਰਤ 'ਤੇ ਰਾਜ ਕਰਦਾ
ਹਵਾ ਤੇ ਪਾਣੀ ਨੂੰ
ਆਪਣੇ ਸੰਕੇਤਾਂ 'ਤੇ ਚਲਾਉਂਦਾ ਵਗਾਉਂਦਾ

ਜਾਗਦੇ ਅੰਗਾਂ ਪੈਰਾਂ ਨੂੰ
ਪਹੀਏ 'ਚ ਤਬਦੀਲ ਕਰ
ਵਕਤ ਦੀ ਰਫਤਾਰ
ਗ੍ਰਹਿ ਦੀ ਤੇਜ਼ ਗਤੀ 'ਚ ਸ਼ਾਮਲ
ਕਦਮ ਅਗਾਂਹ ਧਰਦਾ

ਸੋਚ ਅਤੇ ਸਪੇਸ ਅੰਦਰ
ਜਿਉਣ ਨੂੰ ਅੰਕਿਤ ਕਰਦਾ
ਅੱਜ
ਹੋਂਦ ਲਈ ਤਲਾਸ਼ਦਾ ਹੋਰ ਰਹਿਤਲਾਂ
ਅਲੱਗ ਧਰਤੀਆਂ ਲੱਭਦਾ

ਗੁੰਮ ਹੋ ਗਿਆ ਹੈ ਕਿਤੇ
ਤਨ ਦੇ ਧਰਾਤਲ ਤੋਂ ਪਰਾਂ
ਕਦਮ ਤੇ ਪੈੜ ਵਿਚਕਾਰ ਕਿਧਰੇ
ਆਪੇ ਸਿਰਜਿਆ
ਕੰਧਾਂ ਵਿਚਕਾਰ ਜੋ ਸੰਸਾਰ....

(2)

ਉਹ
ਆਪਣੇ ਅੰਦਰ
ਦਫਨ ਕਰ ਚੁੱਕਿਆ
ਇਕ ਚਹਿਚਹਾਉਂਦਾ ਪਿੰਡ
ਕੱਲਾ ਕਿਤੇ ਨਾ ਕਿਤੇ

ਉਂਗਲ ਉੱਤੇ ਗਲੋਬ ਘੁਮਾਉਂਦਾ
ਉਪ ਵਿਸ਼ਵਾਸੀ ਹੋ ਗਿਆ
ਤੇ ਵਿਸ਼ਵੀ ਵੀ

ਹੋ ਗਿਆ ਕਿਸੇ ਭੁੱਲ ਦਾ ਸ਼ਿਕਾਰ
ਦੁਬਾਰਾ ਜਾਨਵਰਾਂ 'ਚ ਸ਼ੁਮਾਰ
ਜਾਗ ਪਿਆ ਉਸ ਦੇ ਅੰਦਰ ਜੰਗਲ
ਤੇ ਅੱਜਕੱਲ੍ਹ
ਸਭਿਅਤਾ
ਉਸ ਵੱਲ ਪਿੱਠ ਕਰ ਖੜ ਜਾਂਦੀ...

(3)

ਹੁਣ
ਉਸ ਦੀ ਪਹਿਚਾਣ
ਕੁਦਰਤੀ ਮੌਲਿਕ ਨਹੀਂ ਰਹੀ
ਉਸ ਦੇ ਪੋਟਿਆਂ 'ਚ ਹੈ
ਕਾਰਾਵਾਸ ਕਿਤੇ
ਉਡਾਨ ਬੇਲਗਾਮ
ਗੂੰਜਦਾ ਗੁਮਾਨ ਉਸ ਦਾ
ਮੱਥੇ 'ਚ ਬਿਜਲਈ ਸਕਰੀਨ ਥਰਰਾਂਦੀ
ਸਿਰਾਂ ਦੇ ਅਸਮਾਨ 'ਚ
ਆਪਣੇ ਆਪ ਨੂੰ ਲੱਭਦਾ

ਕਲਪਨਾ 'ਚ ਅਕਾਂਕਸ਼ਾ ਦੀਆਂ
ਅਣਸੁਣੀਆ ਧੁੰਨਾਂ
ਧੁੰਦ ਮਨਾਂ ਦਿਲਾਂ ਦੀ ਚੁੱਪ

ਜ਼ਿਹਨ 'ਚ ਕਿਸੇ
ਕਰੂਰ ਚਾਬਕ ਦੀਆਂ ਚੋਭਾਂ
ਉਸ ਦੇ ਧੁਰ ਅੰਦਰ ਵੱਜਣ ਖੋਭਾਂ

ਉਸ ਦਾ ਨਾ ਹੋਣ 'ਚ
ਪਰਤ-ਦਰ-ਪਰਤ ਰੂਪਾਂਤਰਣ ਹੁੰਦਾ

ਉਹ ਝੱਟ
ਇਕ ਦ੍ਰਿਸ਼ ਕਲਿੱਕ ਕਰਦਾ
ਆਪਣੇ ਹੋਣ ਦਾ ਵਿਸ਼ਵਾਸ
ਜਗਾਈ ਰੱਖਦਾ
ਆਤਮਕਰਿਤ ਹੋਣ ਬਾਰੇ ਸੋਚਦਾ....

(4)

ਉਸ ਦੀ
ਚੇਤਨਾ 'ਚ ਕੈਮਰੇ ਦੀ ਅੱਖ

ਦੂਰ ਕਿਤੇ ਵਿਜ਼ਨ 'ਚ
ਵਿਛਿਆ ਜਾਲ
ਸਟਿਲ ਚੱਕਰਵਿਊ
ਜਿਸ ਅੰਦਰ
ਉਹ ਦੌੜ ਰਿਹਾ ਸਰਪਟ
ਵਾਰ-ਵਾਰ ਆਪਣੇ ਨਾਲ ਹੀ ਲੜਦਾ

ਦੂਰ ਬੈਠੀ
ਚੁੱਪਚਾਪ ਵੇਖ ਰਹੀ ਕਿਤਾਬ
ਕਿਤਾਬ ਤਸਵੀਰ ਅੰਦਰ
ਹੋ ਰਹੀ ਪਰਵਰਤਿਤ

ਤੇ ਉਹ ਤਸਵੀਰ 'ਚ
ਫਰੇਮ ਹੋ ਗਿਆ ਹੈ
ਸਾਰੇ ਦਾ ਸਾਰਾ

ਉਹ ਧਰਤੀ ਦੀ ਇੱਕ ਨੁੱਕਰੇ
ਬਰਫ ਦੀ ਦੀਵਾਰ 'ਤੇ ਟੰਗਿਆ
ਸਾਹਾਂ ਦਾ ਕਲੰਡਰ
ਕਾਲ ਚੱਕਰ 'ਚੋਂ
ਬਸ ਕਰਦਾ ਹੈ ਮਾਈਨਸ ਤਰੀਕਾਂ

ਬਰਫ ਤੁਪਕਾ-ਤੁਪਕਾ
ਪਾਣੀ ਹੋ ਰਹੀ ....

(5)

ਵਿਚਾਰ ਦੀ ਰਫ਼ਤਾਰ 'ਚ
ਖੰਡਿਤ ਦੂਰ ਦ੍ਰਿਸ਼ਟੀ
ਤੇ ਉਸ ਦਾ ਅਕਸ
ਸਕ੍ਰੋਲਿੰਗ 'ਚ ਛਟਪਟਾਉਂਦੀ
ਥਰਥਰਾਉਂਦੀ ਉਸ ਦੀ ਤਾਲਾਸ਼
ਨਜ਼ਰ 'ਚ ਮਿੱਠੇ ਭੁਲੇਖੇ

ਅੱਖ ਬਣਾਵਟੀ ਗਿਆਨ ਦੇ ਆਖੇ ਲੱਗੇ
ਜੋ ਮਨ ਤੇ ਸੋਚ ਨੂੰ
ਤੁਰਨ ਤੋਂ ਪਹਿਲਾਂ ਹੀ
ਲੁਕਣਾ ਤੇ ਲੱਭਣਾ ਸਿਖਾਵੇ
ਜੋ ਉਹ ਚਾਹਵੇ
ਰਾਹ ਵਿਖਾਵੇ

ਪਸੰਦ ਜਾਣ ਜਾਵੇ...ਕੁਝ ਅਣਚਾਹੇ

ਮੱਥੇ 'ਚ ਟੱਚ ਖੋਲ੍ਹ ਰਾਹ
ਟੱਚ 'ਚ ਇੱਛਾ ਲੈਂਦੀ ਸਾਹ

ਸਪਰਸ਼ 'ਚੋਂ ਸੁਹਜ ਗੁਆਚੇ

ਉਹ ਖੁਦ ਗੁਆਚ ਗਿਆ ਕਿਧਰੇ
ਸੀਰ ਦੇ ਤਾਰਾ ਮੰਡਲ ਸਮੇਤ...

6.

ਬਣਾਵਟੀ ਥਕਾਵਟੀ
ਦਿਮਾਗੀ ਕਿਰਿਆਵਾਂ
ਚਿੰਤਾ ਬਣੀ ਚੇਤਨਾ

ਅੰਦਰੋਂ ਲੱਖਾਂ ਹੀ ਲਾਇਬ੍ਰੇਰੀਆਂ
ਬਾਹਰ ਵੱਲ
ਪਰਕਾਸ਼ ਹੋਣਾ ਚਾਹੁੰਦੀਆਂ
ਸੁਰਤ ਵੱਲ ਸੜਕ ਬਣਨ ਕਿਤਾਬਾਂ
ਕਿਤੇ ਲੈ ਜਾਂਦੀਆਂ

ਪਰ ਰਸਤੇ ਵਿੱਚ
ਅਟਕਾਂ ਠੋਕਰਾਂ
ਆਧਰਾਤਾ
ਨਾ ਪਹੁੰਚਤਾ
ਪਰ ਫਿਰ ਵੀ
ਮੂਧੇ ਮੂੰਹ ਡਿੱਗਣ ਤੋਂ
ਬਚਾ ਲਏਗੀ ਕਿਤਾਬ

ਇਕੱਲਾਪਣ ਕਿੰਨੀ ਨਿਜੀਅਤਾ
ਚੁੱਪ-ਚਾਪ
ਕਾਲ ਦੇ ਵੱਡੇ ਕੈਨਵਸ ਉਤੇ
ਬਿੰਦੂ ਹੋ ਗਿਆ ਸਭ

ਵਿਰਾਟ ਸ਼ਕਤੀਆਂ
ਸ਼ਬਦ ਸੰਵਾਦ
ਉਹ ਹੋਇਆ ਡਿਜੀਟ 'ਚ ਆਬਾਦ...

ਸਾਲਟ ਸਪ੍ਰਿੰਗ ਟਾਪੂ ਦੇ ਨਜ਼ਾਰੇ

ਕੈਨੇਡਾ ਡਾਇਰੀ-6

ਭਗਵੰਤ ਰਸੂਲਪੁਰੀ

ਵੈਨਕੂਵਰ ਦੇ ਆਸਪਾਸ ਕੁਦਰਤ ਨੇ ਸਮੁੰਦਰ 'ਚੋਂ ਟਾਪੂਆਂ ਦੀ ਮੁੱਠੀ ਭਰ ਕੇ ਵਗਾਹ ਮਾਰੀ। ਜਿੱਥੇ-ਜਿੱਥੇ ਮਿੱਟੀ ਡਿੱਗੀ, ਉੱਥੇ-ਉੱਥੇ ਨਿੱਕੇ-ਵੱਡੇ ਟਾਪੂ ਬਣ ਗਏ। ਵਿਕਟੋਰੀਆ, ਬੀਸੀ ਦੇ ਨੇੜੇ ਇੱਕ ਟਾਪੂ ਤੋਂ ਸਾਲਟ ਸਪ੍ਰਿੰਗ (Salt spring) ਜੋ ਕੁਦਰਤ ਦੀ ਅਥਾਹ ਸੁੰਦਰਤਾ ਨੂੰ ਆਪਣੀ ਗੋਦ 'ਚ ਲਈ ਬੈਠਾ ਹੈ। ਬੇਟੀ ਹਰਲੀਨ ਨੇ 'ਸਾਲਟ ਸਪ੍ਰਿੰਗ' ਜਾਣ ਦੀਆਂ ਤਿੰਨ ਟਿਕਟਾਂ ਬੁੱਕ ਕਰਵਾ ਲਈਆਂ। ਬੇਟਾ ਆਯੂਸ਼, ਹਰੀਨ ਤੇ ਮੈਂ ਮੂੰਹ ਹਨੇਰੇ ਤੁਰ ਪਏ। ਹਰਲੀਨ ਨੇ ਸੱਤ ਵਜੇ ਆਪਣੀ ਗੱਡੀ 'ਬੀ ਸੀ ਫੈਰੀ' 'ਚ ਵਾੜ ਦਿੱਤੀ। ਇਹ ਫੈਰੀ ਛੋਟਾ ਸਮੁੰਦਰੀ ਜਹਾਜ਼ ਹੁੰਦਾ ਹੈ। ਵਧੇਰੇ ਯਾਤਰੀ ਆਪਣੀਆਂ ਕਾਰਾਂ ਲੈ ਕੇ ਇਸ ਟਾਪੂ 'ਚ ਜਾਂਦੇ ਹਨ ਤੇ ਟਾਪੂ 'ਚ ਕਾਰਾਂ 'ਚ ਘੁੰਮ ਕੇ ਸ਼ਾਮ ਨੂੰ ਮੁੜ ਆਉਂਦੇ ਹਨ। ਸਮੁੰਦਰੀ ਜਹਾਜ਼ ਰਾਹੀਂ ਕਿਸੇ ਟਾਪੂ 'ਚ ਜਾਣ ਦਾ ਅਨੁਭਵ ਮੇਰੇ ਲਈ ਪਹਿਲਾ ਸੀ। ਜਹਾਜ਼ ਦੇ ਸਿਖਰ 'ਤੇ ਜਾ ਕੇ ਮੈਂ ਸਮੁੰਦਰ ਵੇਖਣ ਦਾ ਭਰਪੂਰ ਨਜ਼ਾਰਾ ਲਿਆ, ਰਸਤੇ ਵਿੱਚ ਅਨੇਕਾਂ ਛੋਟੇ ਟਾਪੂ ਵੀ ਆਏ। ਕੁਦਰਤ ਦੀ ਗੋਦ 'ਚ ਘਰ ਬਣਾ ਕੇ ਰਹਿਣ ਵਾਲਾ ਨਜ਼ਾਰਾ ਵੀ ਵੇਖਿਆ। ਦੋ ਘੰਟੇ ਬਾਅਦ ਸਾਲਟ ਸਪ੍ਰਿੰਗ ਦਾ ਤਟ ਆਉਣ 'ਤੇ ਜਦੋਂ ਜਹਾਜ਼ 'ਚੋਂ ਗੱਡੀ ਕੱਢ ਕੇ ਟਾਪੂ ਦੀਆਂ ਸੜਕਾਂ 'ਤੇ ਪਾਈ ਤੇ ਆਲੇ-ਦੁਆਲੇ ਅਸਮਾਨ ਨੂੰ ਛੂਹ ਰਹੇ ਦਰੱਖਤ ਵੇਖ ਕੇ ਮੈਂ ਦੰਗ ਰਹਿ ਗਿਆ। ਵਲ ਖਾਂਦੀਆਂ ਸੜਕਾਂ ਦੇ ਖੱਬੇ-ਸੱਜੇ ਕੁਦਰਤ ਦਾ ਨਜ਼ਾਰਾ ਸ਼ਬਦਾਂ 'ਚ ਬਿਆਨ ਕਰਨਾ ਮੁਸ਼ਕਲ ਹੈ। ਸੈਨਟੈਨਅਲ ਪਾਰਕ ਜੋ ਸਮੁੰਦਰ ਦੇ ਕੰਢੇ 'ਤੇ ਹੈ, ਉੱਥੇ ਸ਼ਨੀਵਾਰ ਨੂੰ ਉਸ ਟਾਪੂ ਦੇ ਲੋਕਾਂ ਵੱਲੋਂ ਤਿਆਰ ਕੀਤੀਆਂ ਵਸਤੂਆਂ, ਖਾਣੇ ਆਦਿ ਨੂੰ ਵੇਚਣ ਦੀ ਇੱਕ ਮਾਰਕਿਟ ਲੱਗਦੀ ਹੈ। ਹਰਲੀਨ ਨੇ ਉਸ ਮਾਰਕਿਟ ਕੋਲ ਗੱਡੀ ਖੜੀ ਕਰ ਦਿੱਤੀ। ਇਸ ਮਾਰਕਿਟ 'ਚ ਰੰਗ-ਬਰੰਗੇ ਲੋਕਾਂ ਦਾ ਮੇਲਾ ਲੱਗਾ ਹੋਇਆ ਸੀ। ਲੋਕਲ ਮੇਡ ਖਾਣਿਆਂ 'ਚੋਂ ਮਹਿਕ ਉਠ ਰਹੀ ਸੀ। ਹੱਥਾਂ ਨਾਲ ਤਿਆਰ ਕੀਤਾ ਵੱਖ-ਵੱਖ ਤਰ੍ਹਾਂ ਦਾ ਸਾਮਾਨ ਗਾਹਕਾਂ ਨੂੰ ਹਾਕਾਂ ਮਾਰ ਰਿਹਾ ਸੀ। ਫਲ, ਸਬਜ਼ੀਆਂ ਦੀ ਤਾਜ਼ਗੀ ਵੇਖਣ ਵਾਲੀ ਸੀ, ਵਿੱਚ-ਵਿੱਚ ਲੋਕਲ ਸੰਗੀਤ ਦੀਆਂ ਧੁਨਾਂ ਮਾਹੌਲ ਨੂੰ ਸੰਗੀਤਕ ਬਣਾ ਰਹੀਆਂ ਸਨ। ਕੁਝ ਥਾਵਾਂ 'ਤੇ ਲੋਕਲ ਮੇਡ ਵਾਇਨ ਦੇ ਸਟਾਲ ਲੱਗੇ ਹੋਏ ਸਨ। ਗੋਰੇ-ਗੋਰੀਆਂ ਵਾਇਨ ਦਾ ਫਰੀ ਸਵਾਦ ਚੱਕ ਰਹੇ ਸਨ। ਮੈਂ ਵੀ ਵੱਖ-ਵੱਖ ਤਰ੍ਹਾਂ ਦੀ ਵਾਇਨ ਦਾ ਸਵਾਦ ਚੱਖਿਆ। ਲੋਕਲ ਮੇਡ ਪੀਜ਼ਾ ਖਾ ਕੇ ਹਰਲੀਨ ਨੇ ਗੱਡੀ ਦਾ ਸਟੇਅਰਿੰਗ ਆਯੂਸ਼ ਦੇ ਹੱਥ ਫੜਾ ਦਿੱਤਾ। ਸਾਡੇ ਅੱਗੇ ਵਲ ਖਾਂਦੀ ਉੱਚੀ-ਨੀਵੀਂ ਸੜਕ ਆਉਣੀ ਸੀ। ਅਸੀਂ 180 ਸੁਕੇਅਰ ਕਿਲੋਮੀਟਰ 'ਚ ਫੈਲੇ ਤੇ 11600 ਲੋਕਾਂ ਵਾਲੀ ਆਬਾਦੀ ਵਾਲੇ ਟਾਪੂ 'ਤੇ ਗੱਡੀ ਰਾਹੀਂ ਘੁੰਮਣਾ ਸੀ। ਘੰਟੇ ਕੁ ਬਾਅਦ ਅਸੀਂ ਮਾਊਂਟ ਪਾਰਕ ਦੇ ਨੇੜੇ ਗੱਡੀ ਖੜੀ ਕਰਦੇ ਹਾਂ। ਅਸੀਂ ਟਾਪੂ ਦੇ ਸੰਘਣੇ ਜੰਗਲ 'ਚ ਪਹੁੰਚ ਜਾਂਦੇ ਹਾਂ। ਪਾਰਕ 'ਚ ਦਸ ਬਾਰਾਂ ਜੋੜੇ ਪਹੁੰਚੇ ਵੇਖ ਕੇ ਸਾਡੇ ਸਾਹਾਂ 'ਚ ਸਾਹ ਆਉਂਦਾ ਹੈ। ਪਾਰਕ ਦੇ ਨਾਲ ਸਮੁੰਦਰੀ ਕਿਨਾਰਾ ਹੈ। ਕਿਨਾਰੇ ਨਾਲ ਦਰਿਆ ਦੇ ਪਾਣੀ ਦੀਆਂ ਛੱਲਾਂ ਟਕਰਾ ਕੇ ਅਜੀਬ ਤਰ੍ਹਾਂ ਦੀਆਂ ਆਵਾਜ਼ਾਂ ਕੱਢ ਰਹੀਆਂ ਸਨ। ਦਰਿਆ ਦੇ ਕਿਨਾਰੇ ਦੇ ਨਾਲ-ਨਾਲ ਪਗਡੰਡੀਆਂ ਜੰਗਲ ਵੱਲ ਜਾ ਰਹੀਆਂ ਸਨ। ਹਰਲੀਨ ਪਗਡੰਡੀਆਂ ਥਾਣੀਂ ਜੰਗਲ ਦੀ ਗੋਦ 'ਚ ਜਾਣ ਲਈ ਕਾਹਲੀ ਸੀ। ਮੇਰੇ ਅੰਦਰ ਅਜੀਬ ਤਰ੍ਹਾਂ ਦੇ ਡਰ ਨੇ ਥਾਂ ਮੱਲ ਲਈ ਸੀ। 'ਸੱਤ ਸਮੁੰਦਰੋਂ ਪਾਰ ਇਸ ਸੁੰਨ-ਮਸਾਨ ਜੰਗਲ'ਚ ਜਾਹ ਜਾਂਦੀ ਹੋ ਜਾਵੇ' ਕਿਸ ਨੇ ਸਾਰ ਲੈਣੀ ਹੈ? ਬੱਚੇ ਮੈਨੂੰ ਹੌਸਲਾ ਦਿੰਦੇ ਹਨ ਤੇ ਮੈਂ ਇੱਕਾ-ਦੁੱਕਾ ਜੋੜਿਆਂ ਨੂੰ ਪਗਡੰਡੀਆਂ ਵੱਲ ਜਾਂਦਿਆਂ ਵੇਖਦਾ ਹਾਂ ਤੇ ਹੌਸਲੇ 'ਚ ਆ ਕੇ ਬੱਚਿਆਂ ਦੇ ਮਗਰ ਤੁਰ ਪੈਂਦਾ ਹਾਂ। ਜੰਗਲ ਬਹੁਤ ਸ਼ਾਂਤ ਸੀ। ਸਾਡੇ ਮੂਹਰੇ ਪੱਤਿਆਂ 'ਚ ਸਰਸਰਾਹਟ ਹੁੰਦੀ ਹੈ। ਸਾਰੇ ਰੁਕ ਜਾਂਦੇ ਹਨ। ਸਾਡੇ ਮੂਹਰਿਓਂ ਦੀ ਇੱਕ ਸੱਪ ਲੰਘ ਜਾਂਦਾ ਹੈ। ਅਸੀਂ ਡਰਦੇ ਹੋਏ ਅੱਗੇ ਭੱਜ ਕੇ ਲੰਘਦੇ ਹਾਂ। ਸਾਨੂੰ ਦੂਰ ਇੱਕ ਭਾਲੂ ਦਿਸਦਾ ਹੈ। ਫਿਰ ਕੁਝ ਦੂਰੀ 'ਤੇ ਸਮੁੰਦਰ ਦਾ ਕੰਢਾ ਦਿਸਦਾ ਹੈ। ਇੱਕ ਛੋਟਾ ਜਿਹਾ ਝਰਨਾ ਦਿਖਾਈ ਦਿੰਦਾ ਹੈ। ਅਸੀਂ ਕੁਝ ਪਲ ਉੱਥੇ ਗੁਜ਼ਾਰਦੇ ਹਾਂ। ਸਾਡਾ ਟਰੈਕਿੰਗ ਦਾ ਅਨੁਭਵ ਅਦਭੁੱਤ ਰਹਿੰਦਾ ਹੈ। ਫਿਰ ਹਰਲੀਨ ਗੱਡੀ ਇੱਕ ਪਿੰਡ ਵੱਲ ਪਾ ਲੈਂਦੀ, ਜਿੱਥੇ ਲੋਕੀਂ ਬੱਕਰੀਆਂ ਦੇ ਦੁੱਧ ਤੋਂ ਬਣੀ 'ਚੀਜ਼' ਦੇਸੀ ਆਂਡੇ ਤੇ ਹੱਥੀਂ ਬਣਾਇਆ ਫਾਸਟ ਫੂਡ ਖਾਣ ਜਾਂਦੇ ਹਨ। ਉੱਥੇ ਹੀ 'ਚੀਜ਼' ਬਣਾਉਣ ਦੀ ਫੈਕਟਰੀ ਹੈ, ਜਿਸ ਨੂੰ ਵੇਖਣ ਵੀ ਲੋਕੀਂ ਜਾਂਦੇ ਹਨ। ਬੱਕਰੀਆਂ ਰੱਖਣ ਦਾ ਵਾੜਾ, ਫੈਕਟਰੀ, ਹੋਰ ਪੁਰਾਣੀਆਂ ਪੋਂਡੂ ਲੋਕਾਂ ਦੀਆਂ ਪ੍ਰੰਪਰਾਵਾਂ ਮਿਊਜ਼ਮੀਅਮ ਵਾਂਗ ਸਾਂਭੀਆਂ ਪਈਆਂ ਸਨ। ਜਿੱਥੇ ਲੋਕ ਫੋਟੋ ਖਿੱਚ ਕੇ ਸਾਂਭੀ ਜਾਂਦੇ ਸਨ। ਸ਼ਾਮ ਤੱਕ ਅਸੀਂ 25-30 ਕਿਲੋਮੀਟਰ ਤੁਰ ਲਿਆ ਹੋਵੇਗਾ ਤੇ 200 ਕਿਲੋਮੀਟਰ ਤੋਂ ਵੱਧ ਗੱਡੀ ਘੁੰਮਾ ਦਿੱਤੀ ਹੋਵੇਗੀ। ਪਹਾੜੀ ਇਲਾਕੇ 'ਚ ਹਰਲੀਨ-ਆਯੂਸ਼ ਦੀ ਡਰਾਇਵਿੰਗ ਦੇਖ ਕੇ ਮੈਨੂੰ ਤਸੱਲੀ ਹੋ ਗਈ ਸੀ ਕਿ ਇਹ 'ਪਰਵਾਸੀ ਪੰਛੀ' ਲੰਮੀ ਉਡਾਰੀ ਮਾਰ ਕੇ ਮੰਜ਼ਲ ਤੱਕ ਪਹੁੰਚ ਜਾਣਗੇ। ਸ਼ਾਮ ਸੱਤ ਵਜੇ ਤੋਂ ਪਹਿਲਾਂ ਅਸੀਂ ਸਮੁੰਦਰੀ ਜਹਾਜ਼ ਕੋਲ ਪਹੁੰਚ ਜਾਂਦੇ ਹਾਂ। ਏਥੋਂ 'ਬੀ ਸੀ ਫੈਰੀ' ਨੇ ਸਾਰੇ ਯਾਤਰੀਆਂ ਨੂੰ ਸਮੇਤ ਕਾਰਾਂ ਦੇ ਆਪਣੇ ਢਿੱਡ 'ਚ ਪਾ ਕੇ ਵੈਨਕੂਵਰ ਦੇ ਤੱਟ ਵੱਲ ਤੁਰ ਪੈਣਾ ਸੀ।

ਵਾਪਸ ਜਾਂਦਿਆਂ ਜਹਾਜ਼ ਦੇ ਸਿਖਰ 'ਤੇ ਜਾ ਕੇ ਸੂਰਜ ਡੁੱਬਦੇ ਦਾ ਨਜ਼ਾਰਾ ਵੇਖਣ ਵਾਲਾ ਸੀ। ਬਹੁਤ ਲੋਕ ਇਸ ਨਜ਼ਾਰੇ ਦਾ ਆਨੰਦ ਮਾਣ ਰਹੇ ਸਨ। ਜਾਂਦਿਆਂ-ਜਾਂਦਿਆਂ ਜਹਾਜ਼ ਨੂੰ ਹਨੇਰਾ ਆਪਣੀ ਬੁੱਕਲ 'ਚ ਲੈ ਲੈਂਦਾ ਹੈ। ਦੂਰ ਟਾਪੂਆਂ 'ਚ ਰੌਸ਼ਨੀ ਬਿਖੇਰਦੇ ਬਲਬ ਦਿਸਦੇ ਹਨ। ਅਸੀਂ ਜਹਾਜ਼ 'ਚ ਆ ਕੁਝ ਖਾਣ-ਪੀਣ 'ਚ ਮਸਤ ਹੋ ਜਾਂਦੇ ਹਾਂ।

ਪਿਆਰੀ ਗੁਟਾਰ

ਇੱਕ ਵਾਰ ਦੀ ਗੱਲ ਹੈ। ਉਦੋਂ ਪਿੰਡਾਂ ਦੇ ਘਰਾਂ ਵਿੱਚ ਰੁੱਖ ਆਮ ਹੁੰਦੇ ਸਨ। ਲੋਕਾਂ ਦੇ ਘਰ ਮਿੱਟੀ-ਗਾਰੇ, ਸ਼ਤੀਰ-ਬਾਲਿਆਂ ਆਦਿ ਨਾਲ ਬਣੇ ਹੁੰਦੇ ਸੀ। ਲੋਕਾਂ ਵਿੱਚ ਸਬਰ, ਸੰਤੋਖ ਤੇ ਦਯਾ-ਭਾਵਨਾ ਵੀ ਬਹੁਤ ਸੀ। ਉਦੋਂ ਇੱਕ ਘਰ ਦੇ ਬਾਹਰ ਲੱਗੇ ਇੱਕ ਸ਼ਹਿਤੂਤ ਦੇ ਦਰੱਖਤ 'ਤੇ ਇੱਕ ਗੁਟਾਰ ਰਹਿੰਦੀ ਸੀ। ਉਸ ਦੀ ਪਿਆਰੀ ਆਵਾਜ਼ ਹਰ ਕਿਸੇ ਨੂੰ ਚੰਗੀ ਲੱਗਦੀ। ਗੁਟਾਰ ਦੀ ਆਵਾਜ਼ ਸੁਣ ਕੇ ਬੱਚੇ ਬਹੁਤ ਖੁਸ਼ ਹੋ ਜਾਂਦੇ ਸੀ। ਇੱਕ ਵਾਰ ਉਸ ਦਰੱਖਤ 'ਤੇ ਬਹੁਤ ਸਾਰੇ ਮਿੱਠੇ-ਮਿੱਠੇ ਸ਼ਹਿਤੂਤ ਲੱਗੇ ਹੋਏ ਸਨ। ਸ਼ਹਿਤੂਤ ਖਾਣ ਲਈ ਹੋਰ ਪੰਛੀ ਵੀ ਉਸ ਰੁੱਖ 'ਤੇ ਆਉਣ ਲੱਗ ਪਏ। ਇੱਕ ਦਿਨ ਆਪਣੇ ਆਲ੍ਹਣੇ ਵਿੱਚ ਬੱਚਿਆਂ ਨੂੰ ਛੱਡ ਕੇ ਗੁਟਾਰ ਕਿੱਧਰੇ ਗਈ ਹੋਈ ਸੀ। ਹੋਰ ਪੰਛੀ ਮਿੱਠੇ ਸ਼ਹਿਤੂਤ ਖਾਣ ਲਈ ਉਸ ਦਰੱਖਤ 'ਤੇ ਆਏ ਹੋਏ ਸਨ। ਥੋੜ੍ਹੇ ਸਮੇਂ ਬਾਅਦ ਹੀ ਤੇਜ਼ ਹਨੇਰੀ ਚੱਲਣ ਲੱਗ ਪਈ। ਅਚਾਨਕ ਹਨੇਰੀ ਬਹੁਤ ਤੇਜ਼ ਹੋ ਗਈ। ਰੁੱਖ ਉੱਤੇ ਬੈਠੇ ਪੰਛੀਆਂ ਵਿੱਚ ਹਫੜਾ-ਤਫੜੀ ਮਚ ਗਈ, ਪਰ ਗੁਟਾਰ ਦਾ ਕੋਈ ਅਤਾ-ਪਤਾ ਨਹੀਂ ਸੀ। ਏਨੇ ਨੂੰ ਗੁਟਾਰ ਦਾ ਆਲ੍ਹਣਾ ਤੇਜ਼ ਹਨੇਰੀ ਕਰਕੇ ਹੇਠਾਂ ਡਿੱਗ ਪਿਆ। ਗੁਟਾਰ ਦੇ ਬੱਚੇ ਵੀ ਰੌਲਾ ਪਾਉਣ ਲੱਗੇ। ਉਦੋਂ ਘਰ

10-Sep-Sunday.qxd 9/9/2023 9:49 PM Page 2

ਲੋਕ ਨਾਇਕ ਦੀ ਗਾਥਾ

ਗੀਤ ਦਾ ਦੂਜਾ ਨਾਂਅ ਹੈ ਗ਼ਦਰ

ਬੂਟਾ ਸਿੰਘ ਮਹਿਮੂਦਪੁਰ

6 ਅਗਸਤ ਨੂੰ ਇਨਕਲਾਬੀ ਗਾਇਕ ਅਤੇ ਬਹੁਪੱਖੀ ਲੋਕ ਕਲਾਕਾਰ ਗ਼ਦਰ ਸਦੀਵੀ ਵਿਛੋੜਾ ਦੇ ਗਏ। ਉਨ੍ਹਾ ਆਪਣੀ 74 ਸਾਲ ਦੀ ਜ਼ਿੰਦਗੀ ਦਾ ਵੱਡਾ ਹਿੱਸਾ ਇਨਕਲਾਬੀ ਗੀਤਾਂ ਤੇ ਪੇਸ਼ਕਾਰੀਆਂ ਰਾਹੀਂ ਦੱਬੇ-ਕੁਚਲੇ ਅਵਾਮ ਨੂੰ ਸੰਘਰਸ਼ਾਂ ਲਈ ਪ੍ਰੇਰਨ ਤੇ ਉਭਾਰਨ ਦੇ ਲੇਖੇ ਲਾਇਆ।

1949 'ਚ ਮੇਡਕ ਜ਼ਿਲ੍ਹੇ ਦੇ ਇਕ ਦਲਿਤ ਪਰਵਾਰ 'ਚ ਜਨਮੇ ਗੁਮਡੀ ਵਿਠਲ ਰਾਓ ਤੇਲੰਗਾਨਾ ਦੀ ਉਸ ਨੌਜਵਾਨ ਪੀੜ੍ਹੀ 'ਚੋਂ ਸਨ, ਜੋ ਉਸ ਸਮੇਂ ਅਣਵੰਡੇ ਆਂਧਰਾ ਪ੍ਰਦੇਸ਼ 'ਚ ਨਕਸਲੀ ਲਹਿਰ ਦੇ ਜ਼ਬਰਦਸਤ ਇਨਕਲਾਬੀ ਉਭਾਰ ਤੋਂ ਪ੍ਰਭਾਵਿਤ ਹੋਏ ਅਤੇ ਜਿਨ੍ਹਾਂ ਦੂਰ-ਦਰਾਜ ਜੰਗਲਾਂ-ਪਹਾੜਾਂ ਨੂੰ ਆਪਣੀ ਇਨਕਲਾਬੀ ਕਰਮ-ਭੂਮੀ ਬਣਾਇਆ। ਉਹ ਆਪਣੇ ਭਵਿੱਖ ਦੇ ਸੁਪਨੇ, ਨੌਕਰੀਆਂ ਅਤੇ ਸਭ ਕੁਝ ਦਾਅ 'ਤੇ ਲਾ ਕੇ ਦੱਬੇ-ਕੁਚਲੇ ਲੋਕਾਂ ਨੂੰ ਇਨਕਲਾਬ ਦੇ ਝੰਡੇ ਹੇਠ ਲਾਮਬੰਦ ਕਰਨ 'ਚ ਜੁੱਟ ਗਏ ਅਤੇ ਅੱਜ ਵੀ ਆਪਣੇ ਅਕੀਦੇ ਉੱਪਰ ਅਡੋਲ ਹਨ। 1913-15 ਦੇ ਗ਼ਦਰੀ ਇਨਕਲਾਬੀਆਂ ਦੀਆਂ ਕੁਰਬਾਨੀਆਂ ਤੋਂ ਪ੍ਰਭਾਵਤ ਨੌਜਵਾਨ ਗੁਮਡੀ ਵਿਠਲ ਰਾਓ ਨੇ ਆਪਣਾ ਨਵਾਂ ਨਾਂਅ 'ਗ਼ਦਰ' ਰੱਖ ਲਿਆ। ਰਵਾਇਤੀ ਚਿੱਟੀ ਧੋਤੀ, ਗਲ 'ਚ ਲਾਲ ਪਰਨਾ, ਮੋਢੇ 'ਤੇ ਕਾਲੀ ਕੰਬਲੀ, ਪੈਰਾਂ 'ਚ ਘੁੰਗਰੂ, ਹੱਥ 'ਚ ਡਫਲੀ, ਸੋਟਾ ਤੇ ਲਾਲ ਝੰਡਾ ਉਸ ਦੀ ਖ਼ਾਸ ਪਛਾਣ ਬਣ ਗਏ। ਤੇਲੰਗਾਨਾ ਦੇ ਲੋਕ ਗੀਤਾਂ ਨੂੰ ਇਨਕਲਾਬੀ ਰੰਗ 'ਚ ਰੰਗ ਕੇ ਗ਼ਦਰ ਦੇ ਲਿਖੇ ਗੀਤ ਤੇ ਗੀਤ-ਨਾਟ ਨਵੇਂ ਯੁੱਗ ਦੇ ਲੋਕ ਗੀਤ ਬਣ ਗਏ। ਜਿੱਥੇ ਵੀ ਗ਼ਦਰ ਜਾਂਦਾ, ਹਜ਼ਾਰਾਂ ਲੋਕਾਂ ਦੀ ਆਵਾਜ਼ ਉਸ ਦੇ ਗੀਤਾਂ ਉੱਪਰ ਝੂਮ ਕੇ ਉਸ ਦੇ ਨਾਲ ਨੱਚਣ, ਗਾਉਣ ਲੱਗ ਜਾਂਦੀ। ਗ਼ਦਰ ਨੇ 'ਮਾਂ ਭੂਮੀ', 'ਰੇਗੁਲਾ ਕਲਾ' ਸਮੇਤ ਕੁਝ ਫਿਲਮਾਂ 'ਚ ਵੀ ਕੰਮ ਕੀਤਾ। 'ਅਰੇ ਰਿਕਸ਼ਾ' 'ਚ ਗਾਏ ਗੀਤ 'ਨੀ ਪਦਮ ਪਾਈ ਪੁਟੂਮਾਚਨਾਈ' ਨੂੰ ਨੰਦੀ ਪੁਰਸਕਾਰ ਵੀ ਮਿਲਿਆ। ਦੰਡਕਾਰਣੀਆ ਲਹਿਰ ਬਾਰੇ ਫਿਲਮ 'ਦੰਡਕਾਰਣੀਅਮ' ਵਿਚ ਵੀ ਉਸ ਦੇ ਮਕਬੂਲ ਗੀਤ ਹਨ।

ਨਕਸਲੀ ਪਾਰਟੀ ਦੀ 1972 'ਚ ਬਣਾਈ 'ਜਨ ਨਾਟਯਾ ਮੰਡਲੀ' ਪਿੰਡ-ਪਿੰਡ, ਗਲੀ-ਗਲੀ ਦੱਬੇ-ਕੁਚਲੇ ਅਵਾਮ ਨੂੰ ਗੀਤਾਂ ਰਾਹੀਂ ਜਗਾ ਰਹੀ ਸੀ। ਜਨ ਨਾਟਯ ਮੰਡਲੀ' ਦੇ ਗੀਤ ਲੋਕਾਂ ਦੇ ਦੁੱਖਾਂ-ਦਰਦਾਂ ਤੇ ਲੋਕ ਮੁੱਦਿਆਂ ਨੂੰ ਜ਼ੁਬਾਨ ਦੇਣ ਦਾ ਮੁੱਖ ਹਥਿਆਰ ਬਣ ਗਏ। ਐਸੀ ਹੀ ਇਕ ਜੋਸ਼ੀਲੀ ਆਵਾਜ਼ 23 ਸਾਲ ਦੇ ਨੌਜਵਾਨ ਕਲਾਕਾਰ ਪੀ. ਸ਼ੰਕਰ ਨੂੰ ਕਤਲ ਕਰ ਦਿੱਤੇ ਜਾਣ ਨਾਲ ਗੀਤਾਂ ਦੀ ਗੂੰਜ ਹੋਰ ਵੀ ਰੋਹਲੀ ਹੋ ਗਈ। ਗ਼ਦਰ ਦੀ ਬੇਜੋੜ ਗਾਇਨ ਕਲਾ ਅਤੇ ਗੀਤ ਦੀ ਤਾਕਤ ਉੱਪਰ ਉਸ ਦੀ ਲਾਸਾਨੀ ਪਕੜ ਨੇ ਇਸ ਨੂੰ ਵਿਸ਼ਾਲ ਸੱਭਿਆਚਾਰਕ ਕਾਫ਼ਲੇ 'ਚ ਬਦਲ ਦਿੱਤਾ।

1969 'ਚ ਵੱਖਰਾ ਤੇਲੰਗਾਨਾ ਰਾਜ ਬਣਾਏ ਜਾਣ ਲਈ ਲੋਕ ਅੰਦੋਲਨ ਸੱਤਾ ਦੀ ਖ਼ੂੰਖ਼ਾਰ ਤਾਕਤ ਨਾਲ ਕੁਚਲ ਦਿੱਤਾ ਗਿਆ ਸੀ। ਆਂਧਰਾ ਦੇ ਰਾਜਨੀਤਕ ਗ਼ਲਬੇ ਤੇ ਸੱਭਿਆਚਾਰਕ ਧੌਂਸ ਨੇ ਤੇਲੰਗਾਨਾ ਦੇ ਸੱਭਿਆਚਾਰ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਸੀ ਅਤੇ ਦੱਬੇ-ਕੁਚਲੇ ਲੋਕਾਂ ਵਿਰੁੱਧ ਜਾਤ-ਹੰਕਾਰੀ ਜਗੀਰੂ ਜਬਰ ਵੀ ਪੂਰੇ ਜ਼ੋਰਾਂ 'ਤੇ ਸੀ। ਰਾਜਕੀ ਪੁਸ਼ਤ-ਪਨਾਹੀ ਵਾਲਾ ਸਮਾਜੀ ਤੇ ਰਾਜਸੀ ਦਾਬਾ ਅਤੇ ਹਾਸ਼ੀਏ 'ਤੇ ਧੱਕੇ ਹਿੱਸਿਆਂ ਦੀ ਆਰਥਕ ਬਦਹਾਲੀ ਕਾਰਨ ਤੇਲੰਗਾਨਾ 'ਚ ਨਕਸਲੀ ਲਹਿਰ ਨੂੰ ਹੁੰਗਾਰਾ ਦੇਣ ਲਈ ਹਾਲਾਤ ਬੇਹੱਦ ਸਾਜ਼ਗਾਰ ਸਨ। ਸ੍ਰੀਕਾਕੁਲਮ ਦੇ ਜੰਗਲਾਂ 'ਚ ਨਕਸਲੀ ਅਗਵਾਈ ਹੇਠ ਆਦਿਵਾਸੀ ਵਿਦਰੋਹ ਨੂੰ ਬੇਤਹਾਸ਼ਾ ਜਬਰ ਨਾਲ ਕੁਚਲਿਆ ਜਾ ਰਿਹਾ ਸੀ। ਤੇਲੰਗਾਨਾ ਕੋਲ ਹੈਦਰਾਬਾਦ ਦੇ ਨਿਜ਼ਾਮ ਵਿਰੁੱਧ 1946-51 ਦੇ ਹਥਿਆਰਬੰਦ ਕਿਸਾਨ ਸੰਘਰਸ਼ ਦੀ ਸ਼ਾਨਾਮੱਤੀ ਵਿਰਾਸਤ ਸੀ, ਜੋ ਪਿੰਡਾਂ 'ਚ ਰਹਿ ਗਏ ਕਮਿਊਨਿਸਟਾਂ ਵੱਲੋਂ ਅਗਲੀਆਂ ਪੀੜ੍ਹੀਆਂ ਨੂੰ ਦਿੱਤੀ ਜਾ ਰਹੀ ਸੀ। ਤੇਲਗੂ ਸਾਹਿਤ ਦੇ ਪਿੜ ਅੰਦਰ ਨਕਸਲਬਾੜੀ ਅਤੇ ਸ੍ਰੀਕਾਕੁਲਮ ਲਹਿਰਾਂ ਦੇ ਪ੍ਰਭਾਵ ਹੇਠ ਇਨਕਲਾਬੀ ਕਵੀ ਵਰਾਵਰਾ ਰਾਓ ਤੇ ਹੋਰ ਲੇਖਕਾਂ-ਬੁੱਧੀਜੀਵੀਆਂ ਦੀ ਅਗਵਾਈ ਹੇਠ ਇਨਕਲਾਬੀ ਸਾਹਿਤ ਦੀ ਜ਼ਬਰਦਸਤ ਧਾਰਾ ਪੂਰੇ ਜ਼ੋਰਾਂ 'ਤੇ ਸੀ। ਇਨਕਲਾਬੀ ਲਹਿਰ ਦੇ ਵਧ ਰਹੇ ਉਭਾਰ ਨੂੰ ਰੋਕਣ ਲਈ ਤੇਲੰਗਾਨਾ ਦੀ ਜਗੀਰੂ ਜਮਾਤ ਆਂਧਰਾ ਦੀ ਹੁਕਮਰਾਨ ਜਮਾਤ ਨਾਲ ਮਿਲ ਕੇ ਲੋਕ ਸੰਘਰਸ਼ਾਂ ਨੂੰ ਬੇਕਿਰਕੀ ਨਾਲ ਕੁਚਲ ਰਹੀ ਸੀ। ਇਹ ਪਿਛੋਕੜ ਸੀ ਜਦੋਂ ਗ਼ਦਰ ਨੇ ਇਨਕਲਾਬੀ ਰਾਜਨੀਤਕ ਤੇ ਸੱਭਿਆਚਾਰ ਦਾ ਮੋਰਚਾ ਮੱਲਿਆ, ਜਦੋਂ ਉਹ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਤੋਂ ਬਾਅਦ ਤੇ ਬੈਂਕ ਦੀ ਨੌਕਰੀ ਛੱਡ ਕੇ ਨਕਸਲੀ ਲਹਿਰ 'ਚ ਸ਼ਾਮਲ ਹੋਏ। ਉਨ੍ਹਾ ਲੋਕ ਗੀਤਾਂ ਨੂੰ ਅਵਾਮ ਨੂੰ ਇਨਕਲਾਬੀ ਰਾਜਨੀਤਕ ਚੇਤਨਾ ਦੇਣ ਦੇ ਐਸੇ ਹਥਿਆਰ ਵਿਚ ਬਦਲ ਦਿੱਤਾ, ਜਿਸ ਨੂੰ ਹਕੂਮਤ ਹਥਿਆਰਬੰਦ ਛਾਪਾਮਾਰਾਂ ਤੋਂ ਵੀ ਵਧੇਰੇ ਖ਼ਤਰਨਾਕ ਸਮਝਦੀ ਹੈ। ਪ੍ਰੋਫੈਸਰ ਵਰਾਵਰਾ ਰਾਓ ਗ਼ਦਰ ਦੀ ਇਸ ਇਨਕਲਾਬੀ ਕਾਇਆ ਪਲਟੀ ਬਾਰੇ ਕਹਿੰਦੇ ਹਨ, 'ਗ਼ਦਰ ਨੇ ਲੋਕਾਂ ਦੇ ਇਨਕਲਾਬੀ ਗੀਤਾਂ ਦੀ ਵਿਰਾਸਤ ਨੂੰ ਅੰਗੀਕਾਰ ਕੀਤਾ, ਉਸ ਦਾ ਅਨਿੱਖਵਾਂ ਅੰਗ ਬਣ ਗਏ ਅਤੇ ਉਨ੍ਹਾਂ ਦੀ ਬੋਲੀ ਤੇ ਪਹਿਰਾਵੇ ਨੂੰ ਆਪਣਾ ਹਿੱਸਾ ਬਣਾ ਲਿਆ।'

ਜਦੋਂ ਇਨਕਲਾਬੀ ਲਹਿਰ ਉੱਪਰ ਜਬਰ ਤਿੱਖਾ ਹੋ ਗਿਆ ਅਤੇ ਜਨ ਨਾਟਯਾ ਮੰਡਲੀ ਸਮੇਤ ਜਨਤਕ ਜਥੇਬੰਦੀਆਂ ਉੱਪਰ ਪਾਬੰਦੀ ਲਗਾ ਦਿੱਤੀ ਗਈ ਤਾਂ ਗ਼ਦਰ ਦੀ ਅਗਵਾਈ ਹੇਠ 'ਜਨ ਨਾਟਯਾ ਮੰਡਲੀ' ਰੂਪੋਸ਼ ਹੋ ਕੇ ਤੇਲੰਗਾਨਾ ਦੇ ਜੰਗਲਾਂ ਤੇ ਖੇਤਾਂ 'ਚ ਇਨਕਲਾਬ ਦਾ ਹੋਕਾ ਦਿੰਦੀ ਰਹੀ। ਗ਼ਦਰ ਨੇ ਜਿੱਥੇ ਸੈਂਕੜੇ ਕੁਲ-ਵਕਤੀ ਸੱਭਿਆਚਾਰਕ ਕਾਮੇ ਪੈਦਾ ਕੀਤੇ, ਉੱਥੇ ਉਸ ਦੇ ਗੀਤ ਹਜ਼ਾਰਾਂ ਨੌਜਵਾਨਾਂ ਨੂੰ ਲਹਿਰ ਵਿਚ ਖਿੱਚ ਲਿਆਏ।

1980 ਅਤੇ 1990ਵਿਆਂ ਦੇ ਦਹਾਕੇ ਪੀਪਲਜ਼ ਵਾਰ ਗਰੁੱਪ ਦੀ ਅਗਵਾਈ ਹੇਠ ਉੱਤਰੀ ਤੇਲੰਗਾਨਾ ਵਿਚ ਲਾਸਾਨੀ ਇਨਕਲਾਬੀ ਚੜ੍ਹਤ ਦਾ ਸਮਾਂ ਸੀ। ਕਾਲਜਾਂ, ਯੂਨੀਵਰਸਿਟੀਆਂ 'ਚ ਇਨਕਲਾਬੀ ਵਿਦਿਆਰਥੀ ਲਹਿਰ ਬੁਲੰਦੀ 'ਤੇ ਸੀ। ਦਹਿ-ਹਜ਼ਾਰਾਂ ਨੌਜਵਾਨ ਵਿਦਿਆਰਥੀ ਪੜ੍ਹਾਈ ਛੱਡ ਕੇ ਇਨਕਲਾਬ ਦਾ ਸੁਪਨਾ ਅੱਖਾਂ 'ਚ ਸੰਜੋਈ 'ਪਿੰਡਾਂ ਨੂੰ ਚੱਲੋ' ਮੁਹਿੰਮ ਦੇ ਸੱਦੇ ਨੂੰ ਹੁੰਗਾਰਾ ਦਿੰਦੇ ਹੋਏ ਇਨਕਲਾਬੀ ਸਫ਼ਾਂ 'ਚ ਸ਼ਾਮਲ ਹੋ ਰਹੇ ਸਨ। ਸਮਾਂਤਰ ਮੁਕਾਮੀ ਸੱਭਿਆਚਾਰ ਭਾਰੂ ਆਂਧਰਾ ਸੱਭਿਆਚਾਰ ਨੂੰ ਟੱਕਰ ਦੇ ਰਿਹਾ ਸੀ। ਦਲਿਤਾਂ ਉੱਪਰ ਜਬਰ ਦੇ ਹੌਲਨਾਕ ਕਾਂਡ ਸਟੇਟ ਵਿਰੁੱਧ ਲੋਕਾਂ ਦੇ ਗੁੱਸੇ ਨੂੰ ਹੋਰ ਜ਼ਰਬਾਂ ਦੇ ਰਹੇ ਸਨ। ਇਨ੍ਹਾਂ ਸਮਿਆਂ 'ਚ ਗ਼ਦਰ ਨੇ ਲੋਕ ਵੇਦਨਾ, ਲੋਕ ਸਰੋਕਾਰਾਂ ਨੂੰ ਗੀਤਾਂ ਦੀ ਜ਼ੁਬਾਨ ਦਿੱਤੀ। 'ਜਨ ਨਾਟਯਾ ਮੰਡਲੀ' ਦੀਆਂ ਟੀਮਾਂ ਦੀ ਜ਼ੁਬਾਨੀ ਅਤੇ ਟੇਪ ਰਿਕਾਰਡਰਾਂ ਰਾਹੀਂ ਗ਼ਦਰ ਦੇ ਗੀਤ ਲਹਿਰਾਂ ਬਣ ਕੇ ਤੇਲੰਗਾਨਾ ਤੇ ਆਂਧਰਾ ਦੇ ਦੂਰ-ਦਰਾਜ ਇਲਾਕਿਆਂ 'ਚ ਗੂੰਜ ਉੱਠੇ। ਉਸ ਦੇ ਗੀਤਾਂ ਦੀਆਂ 30 ਟੇਪਾਂ ਦੀ ਰਿਕਾਰਡ ਤੋੜ ਵਿਕਰੀ ਹੋਈ। ਹਿੰਦੀ ਤੇ ਹੋਰ ਭਾਸ਼ਾਵਾਂ 'ਚ ਵੀ ਉਸ ਦੇ ਗੀਤ ਬਹੁਤ ਮਕਬੂਲ ਹੋਏ।

1980 ਵਿਆਂ ਦੇ ਦਹਾਕੇ 'ਚ ਗ਼ਦਰ ਦੀ ਜ਼ਿੰਦਗੀ ਦਾ ਇਕੋ-ਇਕ ਭਾਵ ਸੀ ਗੀਤ, ਗੀਤ ਤੇ ਗੀਤ : ਖ਼ੂਨ-ਪਸੀਨਾ ਵਹਾ ਰਹੇ ਮਜ਼ਦੂਰ ਬਾਰੇ ਗੀਤ, ਖੇਤਾਂ ਬਾਰੇ ਗੀਤ, ਜਨਮ ਬਾਰੇ ਗੀਤ, ਮੌਤ ਬਾਰੇ ਗੀਤ, ਸ਼ਹੀਦ ਦੀ ਸ਼ਹਾਦਤ ਬਾਰੇ ਗੀਤ, ਪਿਆਰ ਬਾਰੇ ਗੀਤ। ਉਸ ਦੇ ਆਪਣੇ ਸ਼ਬਦਾਂ 'ਚ, 'ਕਿਰਤ ਹੀ ਗੀਤ ਹੈ, ਕਿਰਤ 'ਚ ਲੈਅ ਹੈ, ਜਿਸ ਨੂੰ ਕੰਮ ਕਰਨਾ ਨਹੀਂ ਆਉਂਦਾ, ਉਹ ਕੰਮ ਵਿਗਾੜ ਦੇਵੇਗਾ। ਕਿਰਤ 'ਚ ਨਿਖ਼ਾਰ ਆਉਂਦਾ ਹੈ ਤਾਂ ਲੈਅ 'ਚ ਨਿਖ਼ਾਰ ਆਉਂਦਾ ਹੈ, ਗੀਤਾਂ 'ਚ ਨਿਖ਼ਾਰ ਆਉਂਦਾ ਹੈ। ਲੋਕ ਆਪਣੇ ਰੋਜ਼ਮਰ੍ਹਾ ਕੰਮਕਾਰ ਰਾਹੀਂ ਗੀਤ ਨੂੰ ਨਿਖ਼ਾਰਦੇ ਹਨ।'

ਉੱਤਰੀ ਤੇਲੰਗਾਨਾ 'ਚ ਨਕਸਲੀਆਂ ਦੀ ਸਮਾਂਤਰ ਸੱਤਾ ਨੇ ਪਿੰਡਾਂ 'ਚ ਹਕੂਮਤੀ ਮਸ਼ੀਨਰੀ ਇਕ ਤਰ੍ਹਾਂ ਨਾਲ ਨਕਾਰਾ ਕਰ ਦਿੱਤੀ ਸੀ। ਬੁਖਲਾਈ ਹਕੂਮਤ 'ਘੋਰੋ ਤੇ ਕੁਚਲੋ' ਮੁਹਿੰਮਾਂ ਰਾਹੀਂ ਬੇਕਿਰਕ ਜਬਰ, ਝੂਠੇ ਕੇਸਾਂ 'ਚ ਜੇਲ੍ਹਬੰਦੀ ਅਤੇ ਝੂਠੇ ਪੁਲਸ ਮੁਕਾਬਲਿਆਂ 'ਚ ਇਨਕਲਾਬੀਆਂ ਦਾ ਕਤਲੇਆਮ ਕਰ ਰਹੀ ਸੀ। ਇਸ ਦੇ ਨਾਲ-ਨਾਲ ਗਰੇ-ਹਾਊਂਡਜ਼ ਤੇ ਹੋਰ ਨਾਵਾਂ ਹੇਠ ਗ਼ੈਰਕਾਨੂੰਨੀ ਕਾਤਲ ਗਰੋਹ ਬਣਾ ਕੇ ਮਨੁੱਖੀ ਹੱਕਾਂ ਦੇ ਕਾਰਕੁਨਾਂ, ਲੇਖਕਾਂ ਤੇ ਕਲਾਕਾਰਾਂ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ ਗਿਆ। ਲੋਕਾਂ ਦੇ ਬੇਹੱਦ ਹਰਮਨ ਪਿਆਰੇ ਡਾ. ਰਾਮਾਨਾਥਨ ਕਲੀਨਿਕ ਵਿਚ ਗੋਲੀਆਂ ਮਾਰ ਕੇ ਮਾਰ ਦਿੱਤੇ ਗਏ। ਫਿਰ ਆਜ਼ਮ ਅਲੀ ਅਤੇ ਟੀ.ਪੁਰਸ਼ੋਤਮ ਵੀ ਮਾਰ ਦਿੱਤੇ ਗਏ। ਇਹ ਸਾਰੇ ਆਂਧਰਾ ਪ੍ਰਦੇਸ਼ ਸਿਵਲ ਲਿਬਰਟੀਜ਼ ਕਮੇਟੀ ਦੇ ਆਗੂ ਸਨ। ਵਰਾਵਰਾ ਰਾਓ ਉੱਪਰ ਕਈ ਕਾਤਲਾਨਾ ਹਮਲੇ ਹੋਏ। ਇਸੇ ਸਿਲਸਿਲੇ 'ਚ ਅਪ੍ਰੈਲ 1997 'ਚ 'ਗਰੀਨ ਟਾਈਗਰਜ਼' ਵੱਲੋਂ ਗ਼ਦਰ ਨੂੰ ਸਿਕੰਦਰਾਬਾਦ ਵਿਚ ਉਸ ਦੇ ਘਰ ਦੇ ਅੰਦਰ ਗੋਲੀਆਂ ਮਾਰ ਕੇ ਮਾਰਨ ਦੀ ਕੋਸ਼ਿਸ਼ ਕੀਤੀ ਗਈ। ਹਕੂਮਤ ਦੀ ਇਸ ਬੁਖਲਾਹਟ ਦੀ ਇਕ ਵੱਡੀ ਵਜ੍ਹਾ ਮਨੁੱਖੀ ਹੱਕਾਂ ਦੇ ਘਾਣ ਵਿਰੁੱਧ ਸ਼ਹਿਰੀ ਆਜ਼ਾਦੀਆਂ ਦੇ ਕਾਰਕੁਨਾਂ ਵੱਲੋਂ ਉਠਾਈ ਜਾ ਰਹੀ ਆਵਾਜ਼ ਸੀ। ਦੂਜੀ ਵਜ੍ਹਾ, ਮੁਕਾਬਲਿਆਂ 'ਚ ਮਾਰੇ ਜਾ ਰਹੇ ਇਨਕਲਾਬੀਆਂ ਦੀਆਂ ਲਾਸ਼ਾਂ ਅੰਤਮ ਸੰਸਕਾਰ ਲਈ ਉਨ੍ਹਾਂ ਦੇ ਵਾਰਿਸਾਂ ਨੂੰ ਦਿਵਾਉਣ ਲਈ ਹੋ ਰਹੇ ਵਿਸ਼ਾਲ ਇਕੱਠ ਸਨ, ਜਿਨ੍ਹਾਂ ਵਿਚ ਵਰਾਵਰਾ ਰਾਓ ਤੇ ਗ਼ਦਰ ਦੀ ਮਿਕਨਾਤੀਸੀ ਸ਼ਖ਼ਸੀਅਤ ਦੀ ਵੱਡੀ ਭੂਮਿਕਾ ਸੀ। ਗ਼ਦਰ ਦੀ ਜਾਨ ਤਾਂ ਬਚ ਗਈ, ਪਰ ਰੀੜ੍ਹ ਦੀ ਹੱਡੀ 'ਚ ਲੱਗੀ ਇਕ ਗੋਲੀ ਕੱਢੀ ਨਾ ਜਾ ਸਕੀ।

ਜਦੋਂ 2004 'ਚ ਸਿਵਲ ਸੁਸਾਇਟੀ ਦੇ ਦਬਾਅ ਹੇਠ ਸਰਕਾਰ ਨੂੰ ਪਹਿਲੀ ਵਾਰ ਰੂਪੋਸ਼ ਨਕਸਲੀ ਆਗੂਆਂ ਨਾਲ ਗੱਲਬਾਤ ਕਰਨੀ ਪਈ ਤਾਂ ਉਸ ਵਿਚ ਨਕਸਲੀ ਧਿਰ ਦੇ ਏਲਚੀਆਂ ਵਜੋਂ ਵਰਾਵਰਾ ਰਾਓ, ਗ਼ਦਰ ਅਤੇ ਲੇਖਕ ਕਲਿਆਣ ਰਾਓ ਨੇ ਗੱਲਬਾਤ ਕੀਤੀ। ਜੋ ਇਨਕਲਾਬੀ ਲਹਿਰ 'ਚ ਉਸ ਦੀ ਮਕਬੂਲੀਅਤ ਦਾ ਸਬੂਤ ਸੀ। ਗੱਲਬਾਤ ਦੌਰਾਨ ਰੂਪੋਸ਼ ਇਨਕਲਾਬੀਆਂ ਦੀ ਸ਼ਨਾਖ਼ਤ ਅਤੇ ਨਿਸ਼ਾਨਦੇਹੀ ਦੇ ਆਧਾਰ 'ਤੇ ਅਗਲੇ ਸਾਲਾਂ 'ਚ ਵਿਸ਼ਵਾਸਘਾਤੀ ਹਕੂਮਤ ਨੇ ਵੱਡੇ ਪੈਮਾਨੇ 'ਤੇ ਕਤਲੇਆਮ ਕੀਤਾ ਅਤੇ ਤੇਲੰਗਾਨਾ ਵਿਚ ਇਨਕਲਾਬੀ ਲਹਿਰ ਨੂੰ ਬੇਕਿਰਕੀ ਨਾਲ ਕੁਚਲ ਦਿੱਤਾ।

ਦਹਾਕਿਆਂ ਤੱਕ ਨਿਧੜਕ ਕੁਲ-ਵਕਤੀ ਭੂਮਿਕਾ ਨਿਭਾਉਣ ਤੋਂ ਬਾਅਦ 2010 'ਚ ਗ਼ਦਰ ਨੇ ਨਕਸਲੀ/ ਮਾਓਵਾਦੀ ਲਹਿਰ ਤੋਂ ਦੂਰੀ ਬਣਾ ਲਈ ਅਤੇ ਉਸ ਦਾ ਝੁਕਾਅ ਵੱਖਰਾ ਰਾਜ ਬਣਾਏ ਜਾਣ ਤੇ ਸਮਾਜੀ ਨਿਆਂ ਦੇ ਸਵਾਲਾਂ ਵੱਲ ਹੋ ਗਿਆ। ਇਸ ਦੀ ਵਜ੍ਹਾ ਜਾਤਪਾਤ ਵਰਗੇ ਸਵਾਲਾਂ ਉੱਪਰ ਮੱਤਭੇਦ ਅਤੇ ਲਹਿਰ ਤੋਂ ਮੋਹ ਭੰਗ ਹੋਣਾ ਸੀ। ਫਿਰ ਉਸ ਨੇ 'ਤੇਲੰਗਾਨਾ ਪਰਜਾ ਫਰੰਟ' ਬਣਾ ਕੇ ਵੱਖਰੇ ਤੇਲੰਗਾਨਾ ਲਈ ਲਹਿਰ ਵਿਚ ਵੱਡੀ ਭੂਮਿਕਾ ਨਿਭਾਈ। ਅਗਲੇ ਸਾਲਾਂ 'ਚ ਉਸ ਨੇ ਬਹੁਤ ਸਾਰੀਆਂ ਜਥੇਬੰਦੀਆਂ ਅਤੇ ਪਾਰਟੀਆਂ ਬਣਾਈਆਂ, ਪਰ ਕਿਤੇ ਵੀ ਉਸ ਨੂੰ ਉਹ ਚੀਜ਼ ਹਾਸਲ ਨਾ ਹੋਈ, ਜਿਸ ਲਈ ਉਸ ਦਾ ਮਨ ਭਟਕ ਰਿਹਾ ਸੀ।

ਜਦੋਂ 2014 'ਚ ਲੋਕ ਦਬਾਅ ਹੇਠ ਵੱਖਰਾ ਤੇਲੰਗਾਨਾ ਬਣਾਇਆ ਗਿਆ ਤਾਂ ਸੱਤਾ ਪੁਰਾਣੀ ਜਾਤ-ਹੰਕਾਰੀ ਹਾਕਮ ਜਮਾਤ ਨੇ ਹਥਿਆ ਲਈ ਅਤੇ ਜੂਝ ਮਰਨ ਤੇ ਕੁਰਬਾਨੀਆਂ ਕਰਨ ਵਾਲੇ ਅਵਾਮ ਇਕ ਵਾਰ ਫਿਰ ਹਾਸ਼ੀਏ 'ਤੇ ਧੱਕ ਦਿੱਤੇ ਗਏ। ਇਹ ਅਵਾਮ ਦੇ ਖ਼ਵਾਬਾਂ ਦਾ ਜਮਹੂਰੀ ਤੇਲੰਗਾਨਾ ਨਹੀਂ ਸੀ। ਇਸੇ ਮਾਯੂਸੀ ਦੇ ਆਲਮ 'ਚ ਗ਼ਦਰ ਦਾ ਝੁਕਾਅ ਹਾਕਮ ਜਮਾਤੀ ਸਿਆਸਤ ਵੱਲ ਹੋ ਗਿਆ ਅਤੇ 2018 ਦੀਆਂ ਚੋਣਾਂ 'ਚ ਉਸ ਨੇ ਪਹਿਲੀ ਵਾਰ ਚੋਣ ਸਿਆਸਤ 'ਚ ਹਿੱਸਾ ਲਿਆ, ਜਿਸ ਦੇ ਬਾਈਕਾਟ ਲਈ ਉਹ ਦਹਾਕਿਆਂ ਤੋਂ ਪੁਰਜ਼ੋਰ ਲਾਮਬੰਦੀ ਕਰਦਾ ਰਿਹਾ ਸੀ। ਉਸ ਨੇ ਕਿਹਾ, 'ਦੁਨੀਆ 'ਚ ਲੋਕਾਂ ਨੂੰ ਅੰਤਮ ਸੰਘਰਸ਼ ਲਾਲ ਝੰਡੇ ਹੇਠ ਕਰਨਾ ਪਵੇਗਾ। ਵਿਚਕਾਰਲੇ ਦੌਰ ਵਿਚ ਉਨ੍ਹਾਂ ਨੂੰ ਅੰਬੇਡਕਰ ਦਾ ਰਾਹ ਅਖ਼ਤਿਆਰ ਕਰਨਾ ਪਵੇਗਾ... ਲੋਕਾਂ ਦੀ, ਨਾ ਕਿ ਕਿਸੇ ਪਾਰਟੀ ਦੀ, ਰੱਖਿਆਤਮਕ ਰਣਨੀਤੀ ਵੋਟ ਹੈ। ਮੈਂ ਸੰਵਿਧਾਨ ਅਤੇ ਭਾਰਤ ਬਚਾਓ, ਧਰਮ ਨਿਰਪੱਖਤਾ ਦੇ ਨਾਅਰੇ ਅਖ਼ਤਿਆਰ ਕੀਤੇ ਹਨ ਅਤੇ ਮੈਂ ਬਤੌਰ ਇਕ ਕਵੀ ਕੋਨੇ-ਕੋਨੇ 'ਚ ਜਾ ਸਕਦਾ ਹਾਂ। ਮੈਂ ਹਥਿਆਰਾਂ ਬਾਰੇ ਗਾਉਂਦਾ ਸੀ ਤਾਂ ਪਹੁੰਚ ਸਿਰਫ਼ ਥੋੜ੍ਹੇ ਲੋਕਾਂ ਤੱਕ ਹੀ ਹੁੰਦੀ ਸੀ।' ਬੇਸ਼ੱਕ ਉਸ ਦਾ ਕਹਿਣਾ ਸੀ ਕਿ ਉਹ ਹਰ ਮੰਚ ਤੋਂ ਉਨ੍ਹਾਂ ਹੀ ਮੁੱਦਿਆਂ ਨੂੰ ਉਠਾਉਣ ਦੇ ਉਦੇਸ਼ ਨਾਲ ਇਨ੍ਹਾਂ ਪਾਰਟੀਆਂ 'ਚ ਜਾ ਰਿਹਾ ਹੈ, ਜਿਨ੍ਹਾਂ ਮੁੱਦਿਆਂ ਲਈ ਉਹ ਹਮੇਸ਼ਾ ਲੜਦਾ ਰਿਹਾ ਹੈ, ਪਰ ਇਸ ਸਮੇਂ ਦੇ ਉਸ ਦੇ ਵਿਵਾਦਪੂਰਨ ਬਿਆਨਾਂ, ਰਾਜਨੀਤਕ ਪੁਜ਼ੀਸ਼ਨਾ